SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi
B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 24* Issue 105 | Friday, 4 July 2025 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' *Online*ਰੋਜ਼ਾਨਾ ਪੜ੍ਹ ਸਕਦੇ ਹੋ

# ਕਾਰਨੀ ਵੱਲੋਂ ਆਟੋਮੋਟਿਵ ਸੈਕਟਰ ਦੇ ਸੀਈਓਜ਼ ਨਾਲ ਮੁਲਾਕਾਤ

## ਵਪਾਰ ਯੁੱਧ ਤੋਂ ਕੈਨੇਡੀਅਨ ਸਪਲਾਈ ਚੇਨਾਂ ਨੂੰ ਬਚਾਉਣ ਦੇ ਤਰੀਕਿਆਂ ਬਾਰੇ ਕੀਤੀ ਚਰਚਾ



ਓਟਵਾ, 3 ਜੁਲਾਈ (ਪੋਸਟ ਬਿਊਰੋ): ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਬੁੱਧਵਾਰ ਸਵੇਰੇ ਆਟੋਮੋਟਿਵ ਸੈਕਟਰ ਦੇ ਸੀਈਓਜ਼ ਨਾਲ ਮੁਲਾਕਾਤ ਕਰਕੇ ਅਮਰੀਕੀ ਟੈਰਿਫਾਂ ਅਤੇ ਅਮਰੀਕਾ ਨਾਲ ਵਪਾਰ ਯੁੱਧ ਤੋਂ ਕੈਨੇਡੀਅਨ ਸਪਲਾਈ ਚੇਨਾਂ ਨੂੰ ਬਚਾਉਣ ਦੇ ਤਰੀਕਿਆਂ ਬਾਰੇ ਚਰਚਾ ਕੀਤੀ।

ਪ੍ਰਧਾਨ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਕਿਹਾ ਕਿ ਫੋਰਡ ਕੈਨੇਡਾ, ਸਟੈਲੈਂਟਿਸ ਕੈਨੇਡਾ ਅਤੇ ਜੀਐਮ ਕੈਨੇਡਾ ਦੇ ਸੀਈਓਜ਼ ਨੇ ਕੈਨੇਡੀਅਨ ਵਾਹਨ ਨਿਰਮਾਤਾ ਐਸੋਸੀਏਸ਼ਨ ਦੇ ਬ੍ਰਾਇਨ ਕਿੰਗਸਟਨ ਨਾਲ ਮੁਲਾਕਾਤ ਕੀਤੀ।ਪੀਐਮਓ ਤੋਂ ਇੱਕ ਸੰਖੇਪ ਰੀਡਆਉਟ ਵਿੱਚ ਕਿਹਾ ਗਿਆ ਹੈ ਕਿ ਸਮੂਹ ਨੇ ਇੱਕ ਮੇਡ-ਇਨ-ਕੈਨੇਡਾ ਸਪਲਾਈ ਚੇਨ ਬਣਾਉਣ ਦੀ ਜ਼ਰੂਰਤ ਦੇ ਨਾਲ-ਨਾਲ ਸਾਡੇ ਵਪਾਰਕ ਭਾਈਵਾਲਾਂ ਨੂੰ ਵਿਭਿੰਨ ਬਣਾਉਣ ਦੀ ਜ਼ਰੂਰਤ 'ਤੇ ਚਰਚਾ ਕੀਤੀ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਾਰ-ਵਾਰ ਕਿਹਾ ਹੈ ਕਿ ਅਮਰੀਕਾ ਨੂੰ ਕੈਨੇਡੀਅਨ ਕਾਰਾਂ ਦੀ ਜ਼ਰੂਰਤ ਨਹੀਂ ਹੈ ਅਤੇ ਉਹ ਆਟੋਮੋਟਿਵ ਕੰਪਨੀਆਂ ਨੂੰ ਸਾਰਾ ਉਤਪਾਦਨ ਅਮਰੀਕਾ ਵਿੱਚ ਤਬਦੀਲ ਕਰਦੇ ਦੇਖਣਾ ਚਾਹੁੰਦੇ ਹਨ। ਅਮਰੀਕਾ ਨੇ ਕੈਨੇਡਾ ਵਿੱਚ ਬਣੇ ਵਾਹਨਾਂ 'ਤੇ 25 ਪ੍ਰਤੀਸ਼ਤ ਟੈਰਿਫ ਲਗਾਏ ਹਨ।

ਗਲੋਬਲ ਆਟੋਮੇਕਰਜ਼ ਆਫ਼ ਕੈਨੇਡਾ ਦੇ ਪ੍ਰਧਾਨ ਅਤੇ ਸੀਈਓ ਡੇਵਿਡ ਐਡਮਜ਼ ਨੇ ਕਿਹਾ ਕਿ ਪ੍ਰਧਾਨ ਮੰਤਰੀ ਲਈ ਡੈਟਰਾਇਟ-ਅਧਾਰਤ ਵਾਹਨ ਨਿਰਮਾਤਾਵਾਂ ਨਾਲ ਮੁਲਾਕਾਤ ਕਰਨਾ ਚੰਗਾ ਅਤੇ ਲਾਭਦਾਇਕ ਹੈ। ਸਾਨੂੰ ਇਹ ਵੀ ਉਮੀਦ ਹੈ ਕਿ ਸਾਨੂੰ ਪ੍ਰਧਾਨ ਮੰਤਰੀ ਨਾਲ ਵੀ ਮੁਲਾਕਾਤ ਕਰਨ ਦਾ ਮੌਕਾ ਮਿਲੇਗਾ। ਐਡਮਜ਼ ਨੇ ਕਿਹਾ ਕਿ ਵਾਹਨ ਨਿਰਮਾਤਾਵਾਂ ਲਈ ਇੱਕ ਮੁੱਖ ਮੁੱਦਾ ਸਰਕਾਰ ਦਾ ਜ਼ੀਰੋ-ਐਮਿਸ਼ਨ ਵਾਹਨ ਹੁਕਮ ਹੈ, ਜੋ ਅਗਲੇ ਸਾਲ ਸ਼ੁਰੂ ਹੋਣ ਵਾਲਾ ਹੈ ਅਤੇ ਹਾਊਸ ਆਫ਼ ਕਾਮਨਜ਼ ਵਿੱਚ ਹਾਲ ਹੀ ਵਿੱਚ ਕੰਜ਼ਰਵੇਟਿਵ ਹਮਲਿਆਂ ਦਾ ਨਿਸ਼ਾਨਾ ਸੀ। ਕੈਨੇਡਾ ਦੇ ਵਾਹਨ ਨਿਰਮਾਤਾਵਾਂ ਨੇ ਸਰਕਾਰ ਨੂੰ ਹੁਕਮ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ।

ਕਿੰਗਸਟਨ ਨੇ ਦੱਸਿਆ ਕਿ ਉਹ ਪ੍ਰਧਾਨ ਮੰਤਰੀ ਕੋਲ ਇਸ ਮੁੱਦੇ ਨੂੰ ਉਠਾਉਣ ਦਾ ਇਰਾਦਾ ਰੱਖਦਾ ਸੀ। ਈਵੀ ਹੁਕਮ ਖੁਦ ਟਿਕਾਊ ਨਹੀਂ ਹੈ। ਜੋ ਟੀਚੇ ਸਥਾਪਿਤ ਕੀਤੇ ਗਏ ਹਨ ਉਨ੍ਹਾਂ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ। ਕੈਨੇਡਾ ਦੇ ਸਭ ਤੋਂ ਲੰਬੇ ਸਮੇਂ ਤੋਂ ਸਥਾਪਿਤ ਵਾਹਨ ਨਿਰਮਾਤਾਵਾਂ ਨੇ ਪ੍ਰਧਾਨ ਮੰਤਰੀ ਨਾਲ ਖੁੱਲ੍ਹ ਕੇ ਕੀਤੀ ਗਈ ਚਰਚਾ ਦੀ ਸ਼ਲਾਘਾ ਕੀਤੀ ਅਤੇ ਉਹ ਇਸ ਮਹੱਤਵਪੂਰਨ ਉਦਯੋਗ ਦੀ ਰੱਖਿਆ ਅਤੇ ਵਿਕਾਸ ਲਈ ਸਹਿਯੋਗ ਕਰਨ ਦੀ ਉਮੀਦ ਕਰਦੇ ਹਨ।

# ਓਟਵਾ ਨਦੀ 'ਚ ਡੁੱਬ ਕੇ ਵਿਅਕਤੀ ਦੀ ਮੌਤ, ਉਸਦੇ ਬੇਟੇ ਨੂੰ ਲੋਕਾਂ ਨੇ ਬਚਾਇਆ



ਓਟਵਾ, 3 ਜੁਲਾਈ (ਪੋਸਟ ਬਿਊਰੋ) : ਵੈਸਟਬੋਰੋ ਬੀਚ ਨੇੜੇ ਓਟਵਾ ਨਦੀ 'ਚ ਬੁੱਧਵਾਰ ਦੁਪਹਿਰ ਇੱਕ ਵਿਅਕਤੀ ਡੁੱਬ ਗਿਆ ਪਰ ਉਸਦੇ ਅੱਠ ਸਾਲ ਦੇ ਬੱਚੇ ਨੂੰ ਬਚਾ ਲਿਆ ਗਿਆ। ਓਟਾਵਾ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਲਗਭਗ 1:40 ਵਜੇ ਵੈਸਟ ਐਂਡ ਬੀਚ 'ਤੇ ਘਟਨਾ ਦੀ ਸੂਚਨਾ ਮਿਲੀ। ਓਟਾਵਾ ਫਾਇਰ ਸਰਵਿਸਿਜ਼ ਦੇ ਮੁਖੀ ਪਾਲ ਹੱਟ ਦਾ ਕਹਿਣਾ ਹੈ ਕਿ ਬਚਾਅ ਕਰਮਚਾਰੀਆਂ ਨੇ ਸੋਨਾਰ ਤਕਨੀਕ ਨਾਲ ਗਰਿੱਡ ਖੋਜ ਤੋਂ ਬਾਅਦ ਲਗਭਗ 2:25 ਵਜੇ ਵਿਅਕਤੀ ਨੂੰ ਲੱਭ ਲਿਆ, ਜਿਸ ਨੂੰ ਕਿ ਮੌਕੇ 'ਤੇ ਮ੍ਰਿਤਕ ਐਲਾਨ ਦਿੱਤਾ ਗਿਆ। ਮ੍ਰਿਤਕ ਦੇ ਬੱਚੇ ਨੂੰ ਨਜ਼ਦੀਕ ਖੜ੍ਹੇ ਲੋਕਾਂ ਵੱਲੋਂ ਬਚਾ ਲਿਆ ਗਿਆ ਸੀ। ਇਹ ਸਪੱਸ਼ਟ ਨਹੀਂ ਹੈ ਕਿ ਦੋਵੇਂ ਪਾਣੀ ਵਿੱਚ ਕਿਉਂ ਗਏ।

# ਬੀਸੀ ਫੈਰੀਜ਼ ਵੈਸਲ ਡੈੱਕ ਗੱਡੀ ਚਲਾਉਣ ਦੀ ਕੋਸ਼ਿਸ਼ ਕਰਨ ਵਾਲਾ ਕਾਬੂ



ਵੈਨਕੂਵਰ, 3 ਜੁਲਾਈ (ਪੋਸਟ ਬਿਊਰੋ) : ਕੈਨੇਡਾ ਦਿਵਸ 'ਤੇ ਬੀਸੀ ਫੈਰੀਜ਼ ਵੈਸਲ 'ਤੇ ਕੈਮਰੇ 'ਤੇ ਕੈਦ ਹੋਈ ਗ੍ਰਿਫਤਾਰੀ ਤੋਂ ਬਾਅਦ ਇੱਕ ਵਿਅਕਤੀ 'ਤੇ ਕਈ ਸੰਭਾਵੀ ਅਪਰਾਧਿਕ ਦੋਸ਼ ਲਾਏ ਗਏ ਹਨ। ਪੁਲਿਸ ਦੇ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਸਿਡਨੀ-ਨੌਰਥ ਸੈਨਿਚ ਆਰਸੀਐਮਪੀ ਦੇ ਅਧਿਕਾਰੀਆਂ ਨੂੰ ਮੰਗਲਵਾਰ ਰਾਤ 11:30 ਵਜੇ ਦੇ ਕਰੀਬ ਮੇਨ ਆਈਲੈਂਡ ਅਤੇ ਵੈਨਕੂਵਰ ਆਈਲੈਂਡ ਵਿਚਕਾਰ ਯਾਤਰਾ ਕਰਨ ਵਾਲੀ ਇੱਕ ਫੈਰੀ 'ਤੇ ਬੁਲਾਇਆ ਗਿਆ ਸੀ।

ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਇੱਕ ਵਿਅਕਤੀ ਆਪਣੀ ਗੱਡੀ ਨੂੰ ਫੈਰੀ ਡੈੱਕ 'ਤੇ ਚਲਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਜਦੋਂ ਕਿ ਵੈਸਲ ਅਜੇ ਵੀ ਸਵਾਰਟਜ਼ ਬੇ ਵੱਲ ਜਾ ਰਿਹਾ ਸੀ। ਵਿਅਕਤੀ ਨੂੰ ਮੌਕੇ 'ਤੇ ਗ੍ਰਿਫਤਾਰ ਕਰ ਲਿਆ ਗਿਆ।

ਸੋਸ਼ਲ ਮੀਡੀਆ 'ਤੇ ਪੋਸਟ ਕੀਤੀ ਗਈ ਵੀਡੀਓ ਵਿੱਚ ਇੱਕ ਆਦਮੀ ਨੂੰ ਅੱਗੇ ਅਤੇ ਪਿੱਛੇ ਟੈਸਲਾ ਚਲਾਉਂਦੇ ਹੋਏ ਦਿਖਾਇਆ ਗਿਆ ਹੈ, ਇਸ ਤੋਂ ਪਹਿਲਾਂ ਕਿ ਉਹ ਬਾਕਸਰ ਸ਼ਾਰਟਸ ਪਹਿਨ ਕੇ ਵਾਹਨ ਤੋਂ ਬਾਹਰ ਨਿਕਲੇ। ਜਿਵੇਂ ਹੀ ਪੁਲਿਸ ਨੇੜੇ ਆਉਂਦੀ ਹੈ, ਉਹ ਆਪਣੀ ਕਾਰ ਵਿੱਚ ਵਾਪਸ ਭੱਜਦਾ ਹੈ ਅਤੇ ਡਰਾਈਵਰ-ਸਾਈਡ ਦਰਵਾਜ਼ਾ ਬੰਦ ਕਰ ਦਿੰਦਾ ਹੈ। ਮਸ਼ੱਕਤ ਦੌਰਾਨ ਕਈ ਅਧਿਕਾਰੀ ਬਿਨਾਂ ਪੈਂਟ ਵਾਲੇ ਆਦਮੀ ਨੂੰ ਕਾਰ ਤੋਂ ਖਿੱਚ ਲੈਂਦੇ ਹਨ ਅਤੇ ਜ਼ਮੀਨ 'ਤੇ ਸੁੱਟ ਕੇ ਹੱਥਕੜੀਆਂ ਲਾ ਦਿੰਦੇ ਹਨ।

ਮੁਲਜ਼ਮ 'ਤੇ ਹਥਿਆਰ ਨਾਲ ਹਮਲਾ ਕਰਨ, ਸ਼ਰਾਰਤ ਕਰਨ, ਮੋਟਰ ਵਾਹਨ ਦੇ ਖਤਰਨਾਕ ਸੰਚਾਲਨ ਅਤੇ ਰੁਕਾਵਟ ਦੇ ਦੋਸ਼ ਲੱਗ ਸਕਦੇ ਹਨ।

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
(Government Approved Licensed Technician)
416 938 4598

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

ਨਵਾਂ ਘਾਹ ਲਵਾਉ | 647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ASIAN FOOD CENTRE
June 26 - July 6 2025
Happy CANADA DAY Sale
TEA INDIA $9.99 EA Reg $11.99 216 bags
BR SOAN PAPDI $1.99 EA Reg $2.99 250g
PHAGWARA/VERKA BROWN SUGAR $10.99 EA Reg $12.99 10Lb
REDPATH SUGAR $3.99 EA Reg $4.99 2kg
LAYS MAGIC MASALA/ CREAM ONION $3.49 EA Reg $4.99 200g
LAXMI MULTIGRAIN ATTA $8.99 EA Reg $21.99 20Lb
TILDA RICE $14.99 EA Reg $17.99 10Lb
DAAWAT RICE $12.99 EA Reg $14.99 4kg
INDIA GATE HARROOZ RICE $7.99 EA Reg $9.99 8Lb
SAVERA DESI GHEE $23.99 EA Reg $29.99 1.6kg
VEEBA ASST MAYO/SAUCE $3.99 EA Reg $5.99
BIKANERI ASST COOKIES $6.99 EA Reg $7.99 2.25Lb
BRITANNIA CAKE RUSK $3.99 EA Reg $5.99 550g
BRITANNIA MILK RUSK $1.49 EA Reg $2.29 280g
BR GOODDAY COOKIES $0.79 EA Reg $0.99 75g
MODHANI DAHI $6.49 EA Reg $8.99 2kg
SAVERA PANEER $3.99 Reg $6.49 341g
SAVERA KHOYA $5.99 Reg $6.99 341g
SAVERA RASMALAI $6.99 EA Reg $8.99
BRAR GULAB JAMUN $5.99 EA Reg $7.99
PAPULAR VEG SAMOSA $3.99 EA Reg $5.99 400g
BRITANNIA BOURBON CREAM TREAT $2.99 EA Reg $3.79 390g
CANTON NOODLES $1.99 EA Reg $2.99 280g
BISK CLUB SHERO BISCUITS $1.00 EA Reg $1.49 85g
BR TIGER BISCUIT $0.99 EA Reg $1.49 300g
POPULAR PARATHA $3.29 Reg $5.99 960g
POPULAR PARATHA $7.99 EA Reg $9.99 25Pcs
NATIONAL ASST PICKLE $4.99 Reg $6.99 1kg
MAMPSTER PANI ALL FLAVOUR $2.99 Reg $4.49 1ltr
PRAN ASST SAUCE $2.99 EA Reg $3.99 340g
TASTY SOYA CHAAP 2 for $5.00 EA Reg $5.99
WAGHBAKRI TEA $10.99 EA Reg $13.99 2Lb
UNICO VEG OIL $8.99 EA Reg $12.99 3Ltr
VADHIYA MUSTARD OIL $22.99 EA Reg $29.99 5Ltr
DEEP KESAR MANGO PULP $3.29 EA Reg $4.49 800g
BR FIFTY-FIFTY 2 for $1.00 $0.79 62g EA
BR MARIEGOLD $1.29 EA Reg $1.99 150g
PRAN PUFFED RICE $1.99 EA Reg $2.99 400g
PRAN POTATO CRACKER 2 for $1.00 $1.00 60g
HANDI BROWN SUGAR $5.99 EA Reg $7.99 5lb
MAMPSTER GOLGAPPE $6.99 EA Reg $7.99 290g
HEINZ KETCHUP $5.99 EA Reg $7.49 1Ltr
PRAN FROOTO MANGO JUICE $2.99 EA Reg $3.99 1.5Ltr
DILSE ASST NAMAKPARA 2 for $5.00 EA Reg $3.99 300g
PAKISTANI ROOHAFZA $4.49 EA Reg $5.99
PRAN MUSTARD OIL $2.79 EA Reg $4.99 500ml
PRAN KOREAN SPICY NOODLES $2.99 EA Reg $4.49 5Pack
PRAN PHENI LACHCHA $1.49 EA Reg $1.99 200g
PRAN DRY CAKE $3.29 EA Reg $3.99 350g
TASTY FROZEN GREEN PEAS $6.99 EA Reg $8.99 1.70Kg
ETOBICOKE 10 Westmore Dr. 416-740-3262
MISSISSAUGA 1075 Ceremonial Dr. 905-502-1600
BRAMPTON 621 Wanless Dr. 905-495-3336
BRAMPTON 2120 N Park Dr. 905-793-1338
BRAMPTON 80 Pertosa Dr. 905-460-0009
BRAMPTON 40 Airport Rd. 905-794-8109
BRAMPTON 10510 Torbram Rd.
BRAMPTON 10 Pannahill Dr. 905-913-8017
GULEPH 340 Woodlawn Rd. 226-669-0004
TOLL FREE 1-800-708-9232
We reserve the right to limit the quantity. Prices subject to change without notice, while supplies last. Product images are for illustration purpose only.




# ਔਰਤ ਦਾ ਘਰ ਤੱਕ ਪਿੱਛਾ ਕਰਨ ਵਾਲੇ 'ਤੇ ਲੱਗੇ ਅਪਰਾਧਿਕ ਤੌਰ 'ਤੇ ਪ੍ਰੇਸ਼ਾਨ ਕਰਨ ਦੇ ਦੋਸ਼

ਟੋਰਾਂਟੋ, 3 ਜੁਲਾਈ (ਪੋਸਟ ਬਿਊਰੋ): ਟੋਰਾਂਟੋ ਪੁਲਿਸ ਨੇ ਇੱਕ ਸ਼ੱਕੀ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ ਜਿਸਨੇ ਕਥਿਤ ਤੌਰ 'ਤੇ ਤਿੰਨ ਵੱਖ-ਵੱਖ ਮੌਕਿਆਂ 'ਤੇ ਇੱਕ ਔਰਤ ਦਾ ਉਸਦੇ ਪੱਛਮੀ ਸਿਰੇ ਦੇ ਘਰ ਤੱਕ ਪਿੱਛਾ ਕੀਤਾ ਸੀ। ਪੁਲਿਸ ਦਾ ਕਹਿਣਾ ਹੈ ਕਿ 8 ਅਕਤੂਬਰ, 2024 ਨੂੰ ਘਟਨਾ ਦੀਆਂ ਰਿਪੋਰਟਾਂ ਮਿਲਣ ਤੋਂ ਬਾਅਦ ਉਹ ਸੇਂਟ ਕਲੇਅਰ ਐਵੇਨਿਊ ਵੈਸਟ ਅਤੇ ਵੌਘਨ ਰੋਡ ਦੇ ਖੇਤਰ ਵਿੱਚ ਪੁੱਜੇ। ਇੱਕ ਵਿਅਕਤੀ ਨੇ ਅਗਸਤ ਅਤੇ ਅਕਤੂਬਰ 2024 ਦੇ ਵਿਚਕਾਰ ਤਿੰਨ ਵੱਖ-ਵੱਖ ਮੌਕਿਆਂ 'ਤੇ ਕਥਿਤ ਤੌਰ 'ਤੇ ਇੱਕ ਔਰਤ ਦਾ ਉਸਦੇ ਘਰ ਤੱਕ ਕਈ ਬਲਾਕਾਂ ਤੱਕ ਪਿੱਛਾ ਕੀਤਾ। ਦੋਸ਼ ਹੈ ਕਿ ਇੱਕ ਮੌਕੇ 'ਤੇ ਵਿਅਕਤੀ ਨੇ ਔਰਤ ਨਾਲ ਗੱਲ ਕਰਨ ਦੀ ਕੋਸ਼ਸ਼ਿ ਕੀਤੀ, ਜਦੋਂ ਕਿ ਦੂਜੇ ਮੌਕੇ 'ਤੇ, ਉਹ ਉਸਦੀ ਅਪਾਰਟਮੈਂਟ ਬਿਲਡਿੰਗ ਵਿੱਚ ਦਾਖਲ ਹੋ ਗਿਆ ਸੀ। ਉਸ ਨੂੰ ਬੁੱਧਵਾਰ ਨੂੰ ਅਦਾਲਤ ਵਿਚ ਪੇਸ਼ ਜੋਣਾ ਸੀ।

1 ਜੁਲਾਈ ਨੂੰ, ਟੋਰਾਂਟੋ ਦੇ 46 ਸਾਲਾ ਟ੍ਰੇਵਰ ਐਡਵਰਡਸ ਨੂੰ ਗ੍ਰਿਫਤਾਰ ਕੀਤਾ



ਗਿਆ ਸੀ ਅਤੇ ਇੱਕ ਰਿਹਾਇਸ਼ ਵਿੱਚ ਗੈਰ-ਕਾਨੂੰਨੀ ਢੰਗ ਨਾਲ ਕੰਮ ਕਰਨ ਅਤੇ ਅਪਰਾਧਿਕ ਪਰੇਸ਼ਾਨੀ ਦੇ ਦੋਸ਼ ਲਾਏ ਗਏ ਸਨ। ਪੁਲਿਸ ਨੇ ਮੁਲਜ਼ਮ ਦੀ ਫੋਟੋ ਜਾਰੀ ਕਰਨ ਦੇ ਨਾਲ ਜਨਤਕ ਸੁਰੱਖਿਆ ਚੇਤਾਵਨੀ ਜਾਰੀ ਕੀਤੀ ਹੈ ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਹੋਰ ਘਟਨਾਵਾਂ ਅਤੇ ਹੋਰ ਪੀੜਤ ਹੋ ਸਕਦੇ ਹਨ। ਹੋਰ ਜਾਣਕਾਰੀ ਵਾਲੇ ਕਿਸੇ ਵੀ ਵਿਅਕਤੀ ਨੂੰ ਟੋਰਾਂਟੋ ਪੁਲਿਸ ਨਾਲ 416-808-1300 'ਤੇ ਜਾਂ ਗੁਪਤ ਰੂਪ ਵਿੱਚ ਕ੍ਰਾਈਮ ਸਟੌਪਰਜ਼ ਨਾਲ ਸੰਪਰਕ ਕਰਨ ਲਈ ਅਪੀਲ ਵੀ ਕੀਤੀ ਹੈ।

# ਸ਼ੈਨਨ ਫਾਲਸ ਦੇ ਨੇੜੇ ਲਾਪਤਾ ਵਿਅਕਤੀ ਦੀ ਭਾਲ ਜਾਰੀ

ਵੈਨਕੂਵਰ, 3 ਜੁਲਾਈ (ਪੋਸਟ ਬਿਊਰੋ) : ਕੈਨੇਡਾ ਡੇਅ 'ਤੇ ਸ਼ੈਨਨ ਫਾਲਸ ਪ੍ਰੋਵਿੰਸ਼ੀਅਲ ਪਾਰਕ ਵਿੱਚ ਲਾਪਤਾ ਹੋਏ ਵਿਅਕਤੀ ਦੀ ਭਾਲ ਕਰਦੇ ਹੋਏ ਪੁਲਿਸ ਅਤੇ ਬਚਾਅ ਦਲ ਜਨਤਾ ਨੂੰ ਮਦਦ ਦੀ ਅਪੀਲ ਕਰ ਰਹੇ ਹਨ। 20 ਸਾਲਾ ਅਲੈਗਜ਼ੈਂਡਰ ਨਗੁਏਨ ਮੰਗਲਵਾਰ ਨੂੰ ਆਪਣੇ ਪਰਿਵਾਰ ਨਾਲ ਹਾਈਕਿੰਗ ਕਰ ਰਿਹਾ ਸੀ ਅਤੇ ਦੁਪਹਿਰ ਨੂੰ ਸਮੁੰਦਰ ਤੋਂ ਸਮਿਟ ਟ੍ਰੇਲ 'ਤੇ ਆਖਰੀ ਵਾਰ ਦੇਖਿਆ ਗਿਆ ਸੀ।

ਸਕੁਐਮਿਸ਼ ਆਰਸੀਐਮਪੀ ਸਕੁਐਮਿਸ਼ ਸਰਚ ਐਂਡ ਰੈਸਕਿਊ ਨਾਲ ਕੰਮ ਕਰ ਰਿਹਾ ਹੈ ਅਤੇ ਖੇਤਰ ਦੀ ਜਾਂਚ ਕਰ ਰਿਹਾ ਹੈ। ਰੈਸਕਿਊ ਟੀਮ ਨੇ ਕਿਹਾ ਕਿ ਆਦਮੀ ਦੇ ਸੈੱਲਫੋਨ ਤੋਂ ਆਖਰੀ ਕਾਲ 1 ਜੁਲਾਈ ਦੁਪਹਿਰ 3:30 ਵਜੇ ਸੀ। ਪੁਲਸ ਨੇ ਲਾਪਤਾ ਦੀ ਪਛਾਣ ਬਾਰਹ ਦੱਸਿਆ ਕਿ ਉਸ ਦੀ ਲੰਬਾਈ ਕਰੀਬ 5 ਫੁੱਟ



8 ਇੰਚ ਹੈ, ਭਾਰ ਕਰੀਬ 121 ਪੌਂਡ ਹੈ। ਪੁਲਿਸ ਅਨੁਸਾਰ ਇਸ ਉਸਦੇ ਲੰਬੇ ਕਾਲੇ ਵਾਲ ਇੱਕ ਜੂੜੇ ਵਿੱਚ ਬੰਨ੍ਹੇ ਹੋਏ ਹਨ ਅਤੇ ਜਦੋਂ ਆਖਰੀ ਵਾਰ ਦੇਖਿਆ ਗਿਆ ਸੀ ਤਾਂ ਉਸਨੇ ਸਲੇਟੀ ਰੰਗ ਦੇ ਸ਼ਾਰਟਸ, ਇੱਕ ਟੈਂਕ ਟੌਪ ਅਤੇ ਫਲਿੱਪ ਫਲਾਪ ਪਹਿਨੇ ਹੋਏ ਸਨ। ਜੋ ਕੋਈ ਵੀ ਉਸਨੂੰ ਦੇਖਦਾ ਹੈ, ਉਸਨੂੰ ਸਕੁਐਮਿਸ਼ ਆਰਸੀਐਮਪੀ ਨੂੰ 604-892-6100 'ਤੇ ਕਾਲ ਕਰਨ ਦੀ ਅਪੀਲ ਕੀਤੀ ਜਾਂਦੀ ਹੈ।

# ਸਰਬੀਆ 'ਚ ਰਾਸ਼ਟਰਪਤੀ ਅਲੈਕਜ਼ੈਂਦਰ ਵੂਸਿਕ ਖਿਲਾਫ਼ ਪ੍ਰਦਰਸ਼ਨ ਕਰ ਰਹੇ ਲੋਕਾਂ 'ਚੋਂ 79 ਗ੍ਰਿਫ਼ਤਾਰ

ਬੈੱਲਗਰੇਡ, 3 ਜੁਲਾਈ (ਪੋਸਟ ਬਿਊਰੋ): ਸਰਬੀਆ ਦੀ ਪੁਲਿਸ ਨੇ ਰਾਸ਼ਟਰਪਤੀ ਅਲੈਕਜ਼ੈਂਦਰ ਵੂਸਿਕ ਖਿਲਾਫ਼ ਰੋਸ ਜ਼ਾਹਿਰ ਕਰ ਰਹੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਸਮੇਤ 79 ਪ੍ਰਦਰਸ਼ਨਕਾਰੀਆਂ ਨੂੰ ਕਈ ਸ਼ਹਿਰਾਂ ਵਿੱਚ ਬੈਰੀਕੇਡ ਤੋੜਨ ਕਾਰਨ ਹਿਰਾਸਤ ਵਿੱਚ ਲਿਆ ਹੈ। ਅਧਿਕਾਰੀਆਂ ਨੇ ਬੁੱਧਵਾਰ ਦੇਰ ਰਾਤ ਅਤੇ ਵੀਰਵਾਰ ਸਵੇਰੇ ਰਾਜਧਾਨੀ ਬੈੱਲਗਰੇਡ, ਉੱਤਰੀ ਸ਼ਹਿਰ ਨੋਵੀ ਸੈਡ ਅਤੇ ਦੱਖਣੀ ਸ਼ਹਿਰਾਂ ਨਿਸ ਤੇ ਨੋਵੀ ਪਾਜ਼ਾਰ ਵਿੱਚ ਪ੍ਰਦਰਸ਼ਨਕਾਰੀਆਂ ਖ਼ਿਲਾਫ਼ ਕਾਰਵਾਈ ਕੀਤੀ। ਹਾਲਾਂਕਿ, ਅਧਿਕਾਰੀਆਂ ਨੇ ਪ੍ਰਦਰਸ਼ਨਕਾਰੀਆਂ ਖ਼ਿਲਾਫ਼ ਪੁਲੀਸ ਤਸ਼ੱਦਦ ਅਤੇ ਬਲ ਦੀ ਵੱਧ ਵਰਤੋਂ ਦੀਆਂ ਖ਼ਬਰਾਂ ਦਾ ਖੰਡਨ ਕੀਤਾ ਹੈ। ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਦੋਸ਼ ਲਾਇਆ ਕਿ ਪੁਲੀਸ ਨੇ ਕਈ ਸ਼ਾਂਤੀਪੂਰਨ ਪ੍ਰਦਰਸ਼ਨਕਾਰੀਆਂ 'ਤੇ ਹਮਲਾ ਕੀਤਾ ਅਤੇ ਉਨ੍ਹਾਂ ਨੂੰ ਜ਼ਖ਼ਮੀ ਕਰ ਦਿੱਤਾ। ਚਸ਼ਮਦੀਦਾਂ ਨੇ ਸਥਾਨਕ ਮੀਡੀਆ ਨੂੰ ਦੱਸਿਆ ਕਿ ਦੰਗਾ ਰੋਕੂ ਪੁਲੀਸ ਵੱਲੋਂ ਪ੍ਰਦਰਸ਼ਨਕਾਰੀਆਂ ਦੀ ਡੰਡਿਆਂ ਨਾਲ ਕੁੱਟਮਾਰ ਕੀਤੀ ਗਈ।

ਉਨ੍ਹਾਂ ਕਿਹਾ ਕਿ ਚਾਰ ਵਿਦਿਆਰਥੀਆਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਜਿਨ੍ਹਾਂ ਵਿੱਚੋਂ ਇੱਕ ਦੀ ਹੱਡੀ ਟੁੱਟ ਗਈ ਹੈ। ਗ੍ਰਹਿ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਸ ਝੜਪ ਦੌਰਾਨ ਚਾਰ ਅਧਿਕਾਰੀ ਜ਼ਖ਼ਮੀ ਹੋ ਗਏ ਅਤੇ ਇੱਕ ਪੁਲਿਸ ਵਾਹਨ ਨੁਕਸਾਨਿਆ ਗਿਆ ਹੈ। ਸਮੇਂ ਤੋਂ ਪਹਿਲਾਂ ਸੰਸਦੀ ਚੋਣਾਂ ਕਰਵਾਉਣ ਦੀ ਮੰਗ ਨੂੰ ਲੈ ਕੇ ਸ਼ਨਿਚਰਵਾਰ ਨੂੰ ਕੀਤੀ ਗਈ ਰੈਲੀ ਮਗਰੋਂ ਦੇਸ਼ ਵਿੱਚ ਤਣਾਅ ਵਧ ਗਿਆ ਹੈ। ਵੂਸਿਕ ਸਰਕਾਰ ਨੇ ਅੱਠ ਮਹੀਨਿਆਂ ਤੋਂ ਚੱਲ ਰਹੇ ਪ੍ਰਦਰਸ਼ਨਾਂ ਦੇ ਬਾਵਜੂਦ ਸਮੇਂ ਤੋਂ ਪਹਿਲਾਂ ਚੋਣਾਂ ਕਰਵਾਉਣ ਤੋਂ ਇਨਕਾਰ ਕਰ ਦਿੱਤਾ। ਨਵੰਬਰ ਮਹੀਨੇ ਵਿੱਚ ਨੋਵੀ ਸੈਡ ਵਿੱਚ ਇੱਕ ਰੇਲਵੇ ਸਟੇਸ਼ਨ ਦੀ ਛੱਤ ਡਿਗਣ ਮਗਰੋਂ ਪ੍ਰਦਰਸ਼ਨ ਸ਼ੁਰੂ ਹੋਇਆ ਸੀ। ਇਸ ਘਟਨਾ ਵਿੱਚ 16 ਜਣਿਆਂ ਦੀ ਮੌਤ ਹੋ ਗਈ ਸੀ।

# ਗਾਜ਼ਾ ਵਿਚ ਹਵਾਈ ਹਮਲਿਆਂ ਤੇ ਗੋਲੀਬਾਰੀ 'ਚ 94 ਫ਼ਲਸਤੀਨੀ ਮਾਰੇ

ਤਲਅਵੀਵ, 3 ਜੁਲਾਈ (ਪੋਸਟ ਬਿਊਰੋ): ਗਾਜ਼ਾ 'ਚ ਹਵਾਈ ਹਮਲਿਆਂ ਅਤੇ ਗੋਲੀਬਾਰੀ 'ਚ 94 ਫ਼ਲਸਤੀਨੀ ਮਾਰੇ ਗਏ। ਮ੍ਰਿਤਕਾਂ 'ਚ ਮਨੁੱਖੀ ਸਹਾਇਤਾ ਲੈਣ ਦੀ ਕੋਸ਼ਿਸ਼ ਕਰ ਰਹੇ 45 ਵਿਅਕਤੀ ਵੀ ਸ਼ਾਮਿਲ ਹਨ, ਜਿਨ੍ਹਾਂ 'ਤੇ ਇਜ਼ਰਾਇਲੀ ਫੌਜੀਆਂ ਨੇ ਅੰਨ੍ਹੇਵਾਹ ਗੋਲੀਆਂ ਚਲਾਈਆਂ। ਇਹ ਮੌਤਾਂ ਅਜਿਹੇ ਸਮੇਂ 'ਚ ਹੋਈਆਂ ਹਨ, ਜਦੋਂ ਇਜ਼ਰਾਈਲ ਅਤੇ ਹਮਾਸ ਵਿਚਾਲੇ ਗੋਲੀਬੰਦੀ ਦਾ ਸਮਝੌਤਾ ਹੋਣ ਦੀ ਸੰਭਾਵਨਾ ਹੈ, ਜਿਸ ਨਾਲ 21 ਮਹੀਨੇ ਤੋਂ ਜਾਰੀ ਜੰਗ ਖ਼ਤਮ ਹੋਣ ਦੀ ਉਮੀਦ ਹੈ। ਪੰਜ ਵਿਅਕਤੀ ਗਾਜ਼ਾ ਮਾਨਵੀ



ਫਾਊਂਡੇਸ਼ਨ ਨਾਲ ਜੁੜੇ ਕੇਂਦਰ ਦੇ ਬਾਹਰ ਮਾਰੇ ਗਏ, ਜਦਕਿ 40 ਹੋਰ ਗਾਜ਼ਾ ਪੱਟੀ 'ਚ ਵੱਖ ਵੱਖ ਥਾਵਾਂ 'ਤੇ ਰਾਹਤ ਸਮੱਗਰੀ ਦੀ ਉਡੀਕ ਦੌਰਾਨ ਗੋਲੀਬਾਰੀ 'ਚ ਮਾਰੇ ਗਏ।

ਗਾਜ਼ਾ ਮਨੁੱਖੀ ਫਾਊਂਡੇਸ਼ਨ ਇਜ਼ਰਾਈਲ ਦੀ ਹਮਾਇਤ ਨਾਲ ਬਣੀ ਨਵੀਂ ਅਮਰੀਕੀ ਜਥੇਬੰਦੀ ਹੈ, ਜੋ ਗਾਜ਼ਾ ਪੱਟੀ 'ਚ ਅਬਾਦੀ ਨੂੰ ਭੋਜਨ ਮੁਹੱਈਆ ਕਰਾਉਣ 'ਚ ਸਹਾਇਤਾ ਕਰਦੀ ਹੈ। ਗਾਜ਼ਾ ਪੱਟੀ 'ਤੇ ਬੁੱਧਵਾਰ ਰਾਤ ਅਤੇ ਵੀਰਵਾਰ ਤੜਕੇ ਹੋਏ ਹਵਾਈ ਹਮਲਿਆਂ 'ਚ ਦਰਜਨਾਂ ਵਿਅਕਤੀ ਮਾਰੇ ਗਏ। ਇਨ੍ਹਾਂ 'ਚੋਂ 15-15 ਵਿਅਕਤੀ ਮੁਵਾਸੀ ਜ਼ੋਨ 'ਚ ਟੈਂਟਾਂ 'ਤੇ ਹੋਏ ਹਮਲਿਆਂ ਅਤੇ ਗਾਜ਼ਾ ਸ਼ਹਿਰ 'ਚ ਉਜੜੇ ਲੋਕਾਂ ਨੂੰ ਆਸਰਾ ਦੇਣ ਵਾਲੇ ਇਕ ਸਕੂਲ 'ਤੇ ਹੋਏ ਹਮਲੇ 'ਚ ਮਾਰੇ ਗਏ। ਗਾਜ਼ਾ ਦੇ ਸਿਹਤ ਮੰਤਰਾਲੇ ਨੇ ਕਿਹਾ ਕਿ ਜੰਗ 'ਚ ਮਾਰੇ ਗਏ ਫਲਸਤੀਨੀਆਂ ਦੀ ਗਿਣਤੀ 57 ਹਜ਼ਾਰ ਤੋਂ ਜ਼ਿਆਦਾ ਹੋ ਗਈ ਹੈ ਜਿਨ੍ਹਾਂ 'ਚ ਉਹ 223 ਲਾਪਤਾ ਵਿਅਕਤੀ ਵੀ ਸ਼ਾਮਲ ਹਨ ਜਿਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਹੈ।












# ਸੰਜੀਵ ਅਰੋੜਾ ਨੇ ਪੰਜਾਬ ਦੇ ਕੈਬਨਿਟ ਮੰਤਰੀ ਵਜੋਂ ਹਲਫ਼ ਲਿਆ

### ਮੁੱਖ ਮੰਤਰੀ ਨੇ ਨਵੇਂ ਮੰਤਰੀ ਨੂੰ ਵਧਾਈ ਦਿੱਤੀ





ਚੰਡੀਗੜ੍ਹ, 3 ਜੁਲਾਈ (ਪੋਸਟ ਬਿਊਰੋ): ਪੰਜਾਬ ਦੇ ਰਾਜਪਾਲ ਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨੇ ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਮੌਜੂਦਗੀ ਵਿੱਚ ਪੰਜਾਬ ਰਾਜ ਭਵਨ ਵਿਖੇ ਸਾਦੇ ਪਰ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਸੰਜੀਵ ਅਰੋੜਾ ਨੂੰ ਕੈਬਨਿਟ ਮੰਤਰੀ ਵਜੋਂ ਅਹੁਦਾ ਅਤੇ ਭੇਦ ਗੁਪਤ ਰੱਖਣ ਦਾ ਹਲਫ਼ ਦਿਵ-ਾਇਆ।

ਅੱਜ ਇੱਥੇ ਇਹ ਪ੍ਰਗਟਾਵਾ ਕਰਦਿਆਂ ਮੁੱਖ ਮੰਤਰੀ ਦਫ਼ਤਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਨੇ ਰਾਜਪਾਲ ਦੀ ਇਜਾਜ਼ਤ ਨਾਲ ਸਮਾਗਮ ਦੀ ਕਾਰਵਾਈ ਚਲਾਈ। ਹਲਫ਼ ਲੈਣ ਤੋਂ ਬਾਅਦ ਸੰਜੀਵ ਅਰੋੜਾ ਨੇ ਸਹੁੰ ਪੱਤਰ 'ਤੇ ਦਸਤਖ਼ਤ ਕੀਤੇ ਜਿਸ 'ਤੇ ਰਾਜਪਾਲ ਨੇ ਵੀ ਦਸਤਖਤ ਕੀਤੇ।

ਸਹੁੰ ਚੁੱਕ ਸਮਾਗਮ ਮੌਕੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਹਰਜੋਤ ਬੈਂਸ, ਡਾ. ਬਲਬੀਰ ਸਿੰਘ, ਡਾ. ਬਲਜੀਤ ਕੌਰ, ਹਰਦੀਪ ਸਿੰਘ ਮੁੰਡੀਆਂ, ਮਹਿੰਦਰ ਭਗਤ, ਡਾ. ਰਵਜੋਤ ਸਿੰਘ, ਬਰਿੰਦਰ ਗੋਇਲ, ਲਾਲਜੀਤ ਸਿੰਘ ਭੁੱਲਰ, ਲਾਲ ਚੰਦ ਕਟਾਰੂਚੱਕ, ਗੁਰਮੀਤ ਸਿੰਘ ਖੁੱਡੀਆਂ ਅਤੇ ਹੋਰ ਸ਼ਖਸੀਅਤਾਂ ਹਾਜ਼ਰ ਸਨ।

ਸਮਾਗਮ ਦੌਰਾਨ ਵੱਖ-ਵੱਖ ਵਿਧਾਇਕ, ਪਾਰਟੀ ਆਗੂ, ਸਿਵਲ ਤੇ ਪੁਲਿਸ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀ ਅਤੇ ਨਵੇਂ ਬਣੇ ਮੰਤਰੀ ਦੇ ਪਰਿਵਾਰਕ ਮੈਂਬਰ ਵੀ ਹਾਜ਼ਰ ਸਨ।

# ਮਹਾਰਾਜਾ ਰਣਜੀਤ ਸਿੰਘ ਪ੍ਰੈਪਰੇਟਰੀ ਇੰਸਟੀਚਿਊਟ ਦੇ 21 ਕੈਡਿਟਾਂ ਦੀ ਤਿੰਨ ਹਫ਼ਤਿਆਂ 'ਚ ਐੱਨ.ਡੀ.ਏ.ਅਤੇ ਹੋਰ ਰੱਖਿਆ ਸਿਖਲਾਈ ਅਕੈਡਮੀਆਂ ਲਈ ਚੋਣ

### ਹੁਣ ਤੱਕ 276 ਕੈਡਿਟਾਂ ਦੀ ਵੱਕਾਰੀ ਰੱਖਿਆ ਸਿਖਲਾਈ ਅਕੈਡਮੀਆਂ ਵਿੱਚ ਹੋਈ ਚੋਣ : ਡਾਇਰੈਕਟਰ ਚੌਹਾਨ




TES-53 | 218 AFA COURSE




NDA-154 COURSE

ਚੰਡੀਗੜ੍ਹ, 3 ਜੁਲਾਈ: ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ, ਐਸ.ਏ.ਐਸ. ਨਗਰ (ਮੋਹਾਲੀ) ਦੇ 21 ਕੈਡਿਟਾਂ ਦੀ ਮਹਿਜ਼ ਤਿੰਨ ਹਫ਼ਤਿਆਂ ਵਿੱਚ ਨੈਸ਼ਨਲ ਡਿਫੈਂਸ ਅਕੈਡਮੀ (ਐਨ.ਡੀ.ਏ.) ਅਤੇ ਹੋਰ ਵੱਕਾਰੀ ਰੱਖਿਆ ਸਿਖਲਾਈ ਅਕੈਡਮੀਆਂ ਵਿੱਚ ਚੋਣ ਹੋਈ ਹੈ। ਇਸ ਅਹਿਮ ਪ੍ਰਾਪਤੀ ਨੇ ਸੰਸਥਾ ਦੀ ਸ਼ਾਨਦਾਰ ਵਿਰਾਸਤ ਵਿੱਚ ਵਾਧਾ ਕੀਤਾ ਹੈ। ਇਸ ਸੰਸਥਾ ਦੀ ਸ਼ੁਰੂਆਤ ਤੋਂ ਹੁਣ ਤੱਕ ਕੁੱਲ 276 ਕੈਡਿਟ ਵੱਖ-ਵੱਖ ਰੱਖਿਆ ਸਿਖਲਾਈ ਅਕੈਡਮੀਆਂ ਵਿੱਚ ਗਏ ਹਨ।

ਇਸ ਇੰਸਟੀਚਿਊਟ ਦੇ ਡਾਇਰੈਕਟਰ ਮੇਜਰ ਜਨਰਲ ਅਜੈ ਐਚ. ਚੌਹਾਨ, ਵੀਐਸਐਮ, (ਸੇਵਾ-ਮੁਕਤ) ਨੇ ਦੱਸਿਆ ਕਿ ਕੁੱਲ 18 ਕੈਡਿਟ ਨੈਸ਼ਨਲ ਡਿਫੈਂਸ ਅਕੈਡਮੀ ਦੇ 154ਵੇਂ ਕੋਰਸ ਲਈ ਚੁਣੇ ਗਏ ਹਨ, ਜਿਨ੍ਹਾਂ ਵਿੱਚ ਆਰੀਅਨ ਸੋਫਤ ਅਤੇ ਓਜਸ ਗੈਂਤ ਪਟਿਆਲਾ ਤੋਂ, ਅਨਹਦ ਸਿੰਘ ਖਾਟੂਮਰੀਆ, ਅਰਮਾਨਵੀਰ ਸਿੰਘ ਅਧੀ, ਹਰਕੰਵਲ ਸਿੰਘ, ਪ੍ਰਜਵੀਰ ਸਿੰਘ, ਅਦਿੱਤਿਆ ਮਿਸ਼ਰਾ ਮੋਹਾਲੀ ਤੋਂ , ਭਾਵਿਕ ਕਾਂਸਲ ਸੰਗਰੂਰ ਤੋਂ , ਮੋਹਨਪ੍ਰੀਤ ਸਿੰਘ, ਬਲਰਾਜ ਸਿੰਘ ਹੀਰਾ, ਈਸ਼ਾਨ ਸ਼ਰਮਾ ਰੋਪੜ ਤੋਂ, ਰਣਬੀਰ ਸਿੰਘ ਤੇ ਇਸ਼ਮੀਤ ਸਿੰਘ ਬਠਿੰਡਾ ਤੋਂ,ਸਮਰਵੀਰ ਸਿੰਘ ਹੀਰ ਤੇ ਨਿਮਿਤ ਸੋਨੀ ਜਲੰਧਰ ਤੋਂ, ਮਨਜੋਤ ਸਿੰਘ ਗੁਰਦਾਸਪੁਰ ਤੋਂ ਅਤੇ ਤਰਨ ਤਾਰਨ ਤੋਂ ਉਧੈਬੀਰ ਸਿੰਘ ਨੰਦਾ ਤੇ ਗੁਰਵੰਸ਼ਬੀਰ ਸਿੰਘ ਸ਼ਾਮਲ ਹਨ।

ਇਨ੍ਹਾਂ ਤੋਂ ਇਲਾਵਾ ਕਪੂਰਥਲਾ ਤੋਂ ਕੈਡਿਟ ਗਗਨਦੀਪ ਸਿੰਘ ਨੂੰ ਟੈਕਨੀਕਲ ਐਂਟਰੀ ਸਕੀਮ (ਟੀਈਐਸ) ਦੇ 53ਵੇਂ ਕੋਰਸ ਲਈ ਕਾਲਜ ਆਫ਼ ਮਿਲਟਰੀ ਇੰਜੀਨੀਅਰਿੰਗ (ਸੀਐਮਈ) ਪੁਣੇ ਦੇ ਕੈਡਿਟ ਟਰੇਨਿੰਗ ਵਿੰਗ ਵਿੱਚ ਚੁਣਿਆ ਗਿਆ ਹੈ ਜਦਕਿ ਗੁਰਦਾਸਪੁਰ ਤੋਂ ਕੈਡਿਟ ਅਰਸ਼ਦੀਪ ਸਿੰਘ ਅਤੇ ਮੋਹਾਲੀ ਤੋਂ ਕਰਨ ਕੌਸ਼ਿਸ਼ ਦੀ 218ਵੇਂ ਕੋਰਸ ਲਈ ਏਅਰ ਫੋਰਸ ਅਕੈਡਮੀ ਵਿੱਚ ਚੋਣ ਹੋਈ ਹੈ।

ਰੱਖਿਆ ਸਿਖਲਾਈ ਅਕੈਡਮੀਆਂ ਲਈ ਚੁਣੇ ਗਏ ਕੈਡਿਟਾਂ ਨੂੰ ਵਧਾਈ ਦਿੰਦਿਆਂ ਡਾਇਰੈਕਟਰ ਚੌਹਾਨ ਨੇ ਕਿਹਾ ਕਿ ਸੰਸਥਾ ਦੇ ਕੁਝ ਕੈਡਿਟ ਹਾਲੇ ਵੀ ਆਪਣੇ ਨਿਯੁਕਤੀ ਪੱਤਰਾਂ ਦੀ ਉਡੀਕ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸੰਸਥਾ ਇਸੇ ਤਰ੍ਹਾਂ ਪੂਰੀ ਸੁਹਿਰਦਤਾ ਨਾਲ ਹਥਿਆਰਬੰਦ ਸੈਨਾਵਾਂ ਲਈ ਪ੍ਰਾਇਮਰੀ ਫੀਡਰ ਸੰਸਥਾ ਵਜੋਂ ਕੰਮ ਕਰਦੀ ਰਹੇਗੀ । ਕੈਡਿਟਾਂ ਨੂੰ ਉਨ੍ਹਾਂ ਦੀ ਸਿਖਲਾਈ ਵਿੱਚ ਸਫ਼ਲਤਾ ਲਈ ਸ਼ੁਭਕਾਮਨਾਵਾਂ ਦਿੰਦਿਆਂ ਉਨ੍ਹਾਂ ਨੇ ਕੈਡਿਟਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਪੰਜਾਬ ਅਤੇ ਦੇਸ਼ ਲਈ ਮਾਣ ਵਧਾਉਣ ਵਾਲੇ ਮਿਸਾਲੀ ਅਧਿਕਾਰੀ ਬਣਨ ਲਈ ਪੂਰੀ ਦ੍ਰਿੜਤਾ ਨਾਲ ਕੰਮ ਕਰਨ ।




# ਆਗਾਮੀ ਝੋਨੇ ਦੇ ਖ਼ਰੀਦ ਸੀਜ਼ਨ ਦੇ ਮੱਦੇਨਜ਼ਰ 15 ਸਤੰਬਰ ਤੱਕ ਪੁਖ਼ਤਾ ਪ੍ਰਬੰਧ ਯਕੀਨੀ ਬਣਾਏ ਜਾਣ : ਲਾਲ ਚੰਦ ਕਟਾਰੂਚੱਕ



ਚੰਡੀਗੜ੍ਹ, 3 ਜੁਲਾਈ (ਪੋਸਟ ਬਿਊਰੋ): ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਵਿਭਾਗ ਨੂੰ ਇਸ ਸਾਲ 1 ਅਕਤੂਬਰ ਤੋਂ 15 ਨਵੰਬਰ ਤੱਕ ਝੋਨੇ ਦੀ ਖਰੀਦ ਸੀਜ਼ਨ ਨੂੰ ਸੁਚਾਰੂ ਅਤੇ ਨਿਰਵਿਘਨ ਖਰੀਦ ਯਕੀਨੀ ਬਣਾਉਣ ਲਈ ਤਿਆਰ ਰਹਿਣ ਦੇ ਨਿਰਦੇਸ਼ ਦਿੰਦਿਆਂ ਵਿਭਾਗ ਦੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ 15 ਸਤੰਬਰ ਤੱਕ ਸਾਰੇ ਜ਼ਰੂਰੀ ਪ੍ਰਬੰਧ ਅਤੇ ਵਿਵਸਥਾਵਾਂ ਮੁਕੰਮਲ ਕਰਨ ਲਈ ਕਿਹਾ।

ਅਨਾਜ ਭਵਨ ਵਿਖੇ ਇੱਕ ਸਮੀਖਿਆ ਮੀਟਿੰਗ ਦੌਰਾਨ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਮੰਤਰੀ ਨੇ ਅੱਗੇ ਨਿਰਦੇਸ਼ ਦਿੱਤੇ ਕਿ 15 ਸਤੰਬਰ ਤੋਂ 15 ਨਵੰਬਰ ਤੱਕ ਵਿਭਾਗ ਦਾ ਕੋਈ ਵੀ ਅਧਿਕਾਰੀ ਐਕਸ-ਇੰਡੀਆ ਛੁੱਟੀ 'ਤੇ ਨਾ ਜਾਵੇ।

ਮੰਤਰੀ ਨੂੰ ਦੱਸਿਆ ਗਿਆ ਕਿ 190 ਲੱਖ ਮੀਟਰਿਕ ਟਨ ਝੋਨੇ ਦੀ ਖ਼ਰੀਦ ਲਈ ਜੰਗੀ ਪੱਧਰ 'ਤੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਭੰਡਾਰਨ ਲਈ ਹੋਰ ਥਾਂ ਤਿਆਰ ਕਰਨ ਵਾਸਤੇ, ਝੋਨੇ ਦੀ ਢੋਆ-ਢੁਆਈ ਸਬੰਧੀ ਅਕਤੂਬਰ 2024 ਤੋਂ ਜੂਨ 2025 ਤੱਕ 68 ਲੱਖ ਮੀਟਰਿਕ ਟਨ ਚਾਵਲ ਰਾਜ ਤੋਂ ਬਾਹਰ ਭੇਜਿਆ ਜਾ ਚੁੱਕਿਆ ਹੈ। ਇਸ ਤੋਂ ਇਲਾਵਾ ਅਗਸਤ 2025 ਤੋਂ ਜੂਨ 2026 ਤੱਕ ਲਗਭਗ 82.5 ਲੱਖ ਮੀਟਰਿਕ ਟਨ ਚਾਵਲ 7.5 ਲੱਖ ਮੀਟਰਿਕ ਟਨ ਪ੍ਰਤੀ ਮਹੀਨੇ ਦੀ ਦਰ ਨਾਲ ਬਾਹਰ ਭੇਜਿਆ ਜਾਵੇਗਾ।

ਮੰਤਰੀ ਦੇ ਧਿਆਨ ਵਿੱਚ ਇਹ ਵੀ ਲਿਆਂਦਾ ਗਿਆ ਕਿ ਸਾਲ 2025-26 ਲਈ ਕਸਟਮ ਮਿਲਿੰਗ ਪਾਲਿਸੀ ਦਾ ਖਰੜਾ ਇਸ ਮਹੀਨੇ ਦੇ ਅੰਦਰ ਤਿਆਰ ਹੋਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਲੇਬਰ ਅਤੇ ਕਾਰਟੇਜ ਪਾਲਿਸੀ 2024 ਦੇ ਨਾਲ-ਨਾਲ ਫੂਡਗ੍ਰੇਨ ਟਰਾਂਸਪੋਰਟੇਸ਼ਨ ਪਾਲਿਸੀ 2024 ਨੂੰ 30 ਸਤੰਬਰ, 2025 ਤੱਕ ਵਧਾ ਦਿੱਤਾ ਗਿਆ ਹੈ ਤਾਂ ਜੋ ਝੋਨੇ ਦੀ ਖਰੀਦ ਸੀਜ਼ਨ ਨੂੰ ਸਫਲ ਬਣਾਇਆ ਜਾ ਸਕੇ।

ਗੁਣਵੱਤਾ ਦੇ ਪਹਿਲੂਆਂ ਬਾਰੇ ਮੰਤਰੀ ਨੂੰ ਜਾਣੂੰ ਕਰਵਾਇਆ ਗਿਆ ਕਿ ਨੈਸ਼ਨਲ ਐਕ੍ਰੀਡੇਸ਼ਨ ਬੋਰਡ ਫਾਰ ਟੈਸਟਿੰਗ ਐਂਡ ਕੈਲੀਬ੍ਰੇਸ਼ਨ ਲੈਬਾਰਟਰੀਆਂ (ਐਨਏਬੀਐਲ) ਦੁਆਰਾ ਮਾਨਤਾ ਪ੍ਰਾਪਤ ਪ੍ਰਯੋਗਸ਼ਾਲਾਵਾਂ ਐਫਸੀਆਈ ਦੇ ਨਿਯਮਾਂ ਅਨੁਸਾਰ ਅਨਾਜ ਦੀ ਰਸਾਇਣਕ ਜਾਂਚ ਕਰ ਰਹੀਆਂ ਹਨ।

ਮੰਤਰੀ ਨੇ ਅਧਿਕਾਰੀਆਂ ਨੂੰ ਇਹ ਵੀ ਨਿਰਦੇਸ਼ ਦਿੱਤੇ ਕਿ ਤਰਪਾਲਾਂ, ਲੱਕੜ ਦੇ ਕਰੇਟ, ਬਰਦਾਨੇ ਅਤੇ ਜਾਲੀਦਾਰ ਜਾਲਾਂ ਦਾ ਪ੍ਰਬੰਧ ਲੋੜੀਂਦੀ ਮਾਤਰਾ ਵਿੱਚ ਕੀਤਾ ਜਾਵੇ।

ਈ-ਕੇਵਾਈਸੀ ਪ੍ਰਕਿਰਿਆ ਬਾਰੇ ਮੰਤਰੀ ਨੂੰ ਦੱਸਿਆ ਗਿਆ ਕਿ 1.57 ਕਰੋੜ ਲਾਭਪਾਤਰੀਆਂ ਵਿੱਚੋਂ 1.25 ਕਰੋੜ ਲਈ ਇਹ ਪ੍ਰਕਿਰਿਆ ਮੁਕੰਮਲ ਹੋ ਚੁੱਕੀ ਹੈ ਅਤੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਕਿ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ (ਐਨਐਫਐਸਏ), 2013 ਤਹਿਤ ਰਾਸ਼ਨ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ ਇਸ ਪ੍ਰਕਿਰਿਆ ਦੀ ਪਾਲਣਾ ਕਰਨੀ ਹੋਵੇਗੀ।

ਆਗਾਮੀ ਖਰੀਦ ਸੀਜ਼ਨ ਨੂੰ ਸਫ਼ਲ ਬਣਾਉਣ ਲਈ ਸਾਰੇ ਭਾਈਵਾਲਾਂ ਦੇ ਸਮੁੱਚੇ ਸਹਿਯੋਗ ਦੀ ਅਪੀਲ ਕਰਦਿਆਂ ਮੰਤਰੀ ਨੇ ਕਿਹਾ ਕਿ ਇਸ ਸਬੰਧੀ ਕੋਈ ਵੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਮੁੱਖ ਸਕੱਤਰ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਰਾਹੁਲ ਤਿਵਾੜੀ, ਡਾਇਰੈਕਟਰ ਵਰਿੰਦਰ ਕੁਮਾਰ ਸ਼ਰਮਾ, ਵਧੀਕ ਸਕੱਤਰ ਪਨਗਰੇਨ ਕਮਲ ਕੁਮਾਰ ਗਰਗ, ਐਮਡੀ ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ ਵਿਨੀਤ ਕੁਮਾਰ, ਵਧੀਕ ਡਾਇਰੈਕਟਰ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਡਾ. ਅੰਜੁਮਨ ਭਾਸਕਰ ਅਤੇ ਜੀਐਮ (ਵਿੱਤ) ਸਰਵੇਸ਼ ਕੁਮਾਰ ਹਾਜ਼ਰ ਸਨ।

# ਕਿੱਧਰ ਨੂੰ ਜਾ ਸਕਦੇ ਹਨ ਪੰਜਾਬ, ਭਾਰਤ ਦੇ ਸੰਸਾਰ ਦੇ ਹਾਲਾਤ!

ਜਤਿੰਦਰ ਪਨੂੰ ਦੀ ਕਲਮ ਤੋਂ



ਬੀਤੇ ਕੁਝ ਦਿਨ ਏਦਾਂ ਦੀਆਂ ਘਟਨਾਵਾਂ ਵਾਲੇ ਸਾਬਤ ਹੋਏ ਹਨ ਕਿ ਅੱਜ ਕਿਸੇ ਇੱਕੋ ਮੁੱਦੇ ਉੱਤੇ ਲਿਖਣਾ ਤੇ ਹੋਰ ਮੁੱਦਿਆਂ ਨੂੰ ਪਾਸੇ ਰੱਖਣਾ ਇੱਕ ਤਰ੍ਹਾਂ ਸੌਖਾ ਨਹੀਂ ਰਿਹਾ। ਇਸ ਲਈ ਅਸੀਂ ਇਸ ਇੱਕੋ ਲਿਖਤ ਵਿੱਚ ਅਜੋਕੀ ਦੁਨੀਆ ਦੇ ਹਾਲਾਤ, ਦੇਸ਼ ਦੇ ਹਾਲਾਤ ਤੇ ਜੋ ਕੁਝ ਸਾਡੇ ਪੰਜਾਬ ਵਿੱਚ ਵਾਪਰ ਰਿਹਾ ਹੈ, ਉਨ੍ਹਾਂ ਕੁਝ ਮੁੱਦਿਆਂ ਬਾਰੇ ਮੁਕੰਮਲ ਬੇਸ਼ੱਕ ਨਾ ਸਹੀ, ਕਿਸੇ ਨਾ ਕਿਸੇ ਹੱਦ ਤੱਕ ਕੁਝ ਖਾਸ ਨੁਕਤੇ ਪਾਠਕਾਂ ਨਾਲ ਸਾਂਝੇ ਕਰਨ ਦੀ ਲੋੜ ਸਮਝੀ ਹੈ।

ਪਹਿਲੀ ਗੱਲ ਸਾਡੇ ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਗ੍ਰਿਫਤਾਰੀ ਅਤੇ ਇਸ ਨਾਲ ਇਸ ਰਾਜ ਦੀ ਰਾਜਨੀਤੀ ਉੱਤੇ ਪੈ ਸਕਦੇ ਅਸਰ ਦੀ ਹੈ। ਬਿਕਰਮ ਸਿੰਘ ਮਜੀਠੀਆ ਦੀ ਗ੍ਰਿਫਤਾਰੀ ਦੀ ਗੱਲ ਬਾਅਦ ਵਿੱਚ, ਪਹਿਲੀ ਗੱਲ ਇਹ ਹੈ ਕਿ ਇਸ ਨੇ ਸਾਡੇ ਰਾਜ ਦੇ ਰਾਜਸੀ ਲੀਡਰਾਂ ਦੀ ਮੌਕਾਪ੍ਰਸਤੀ ਦਾ ਬੁਰਕਾ ਪਾੜ ਸੁੱਟਿਆ ਹੈ। ਪਿਛਲੇ ਡੇਢ ਦਹਾਕੇ ਤੋਂ ਜਿਹੜੇ ਲੀਡਰ ਇਹ ਕਹਿੰਦੇ ਰਹੇ ਸਨ ਕਿ ਸਾਡਾ ਰਾਜ ਆਇਆ ਤਾਂ ਮਜੀਠੀਆ ਨੂੰ ਸੰਗਲਾਂ ਨਾਲ ਜਕੜ ਕੇ ਥਾਣੇ ਲਿਜਾਣਾ ਅਤੇ ਫਿਰ ਜੇਲ੍ਹ ਵਿੱਚ ਤਾੜਨਾ ਹੈ, ਉਹ ਉਸ ਦੀ ਗ੍ਰਿਫਤਾਰੀ ਹੁੰਦੇ ਸਾਰ ਦੁਹਾਈ ਪਾਉਣ ਲੱਗ ਪਏ ਕਿ ਉਸ ਨਾਲ ਸਿਆਸੀ ਬਦਲਾਖੋਰੀ ਹੋ ਰਹੀ ਹੈ। ਜਿਸ ਸਾਬਕਾ ਮੁੱਖ ਮੰਤਰੀ ਨੇ ਆਪਣੇ ਥੋੜ੍ਹੇ ਜਿਹੇ ਦਿਨਾਂ ਵਾਲੇ ਰਾਜ ਵਿੱਚ ਵੀ ਮਜੀਠੀਏ ਨੂੰ ਮੁੱਦਾ ਬਣਾ ਰੱਖਿਆ ਸੀ ਤੇ ਉਸ ਦੇ ਖਿਲਾਫ ਪੰਜਾਬ ਵਿੱਚ ਪਹਿਲਾ ਪੁਲਸ ਕੇਸ ਖੁਦ ਦਰਜ ਕਰਾਇਆ ਸੀ, ਉਹ ਵੀ ਇਹ ਕਹਿਣ ਲੱਗ ਪਿਆ ਹੈ ਕਿ ਮਜੀਠੀਏ ਵਿਰੁੱਧ ਸਿਆਸੀ ਬਦਲਾਖੋਰੀ ਕੀਤੀ ਗਈ ਹੈ। ਹਕੀਕਤ ਇਹ ਹੈ ਕਿ ਬਿਕਰਮ ਸਿੰਘ ਮਜੀਠੀਏ ਦੇ ਕੇਸ ਵਿੱਚ ਕਾਰਵਾਈ ਦੀ ਸ਼ੁਰੂਆਤ ਬਾਦਲ ਰਾਜ ਵਿੱਚ ਹੀ ਹੋ ਗਈ ਸੀ, ਜਦੋਂ ਮੁੰਬਈ ਪੁਲਸ ਨੇ ਏਸ਼ੀਅਨ ਚੈਂਪੀਅਨ ਅਤੇ ਪੰਜਾਬ ਪੁਲਸ ਦੇ ਡੀ ਐੱਸ ਪੀ ਜਗਦੀਸ਼ ਭੋਲਾ ਨੂੰ ਫੜਿਆ ਸੀ। ਓਦੋਂ ਚਰਚਾ ਹੁੰਦੀ ਰਹੀ ਸੀ ਕਿ ਪੰਜਾਬ ਵਾਲੇ ਜਿਹੜਾ ਕੰਮ ਖੁਦ ਨਹੀਂ ਸਨ ਕਰਨਾ ਚਾਹੁੰਦੇ, ਉਹ ਮੁੰਬਈ ਪੁਲਸ ਨੂੰ ਸੂਚਨਾ ਦੇ ਕੇ ਏਥੋਂ ਦੀ ਸਰਕਾਰ ਦੇ ਇਸ਼ਾਰੇ ਉੱਤੇ ਓਥੋਂ ਕਰਾਇਆ ਗਿਆ ਸੀ, ਕਿਉਂਕਿ ਮਜੀਠੀਆ ਏਥੇ ਸਰਕਾਰ ਲਈ ਬੋਝ ਬਣਦਾ ਜਾਂਦਾ ਸੀ ਤੇ ਉਸ ਦੀ ਸਰਗਰਮੀ ਕਿਸੇ ਦਿਨ ਇਸ ਰਾਜ ਦੀ ਸਰਕਾਰ ਲਈ ਮੁਸੀਬਤ ਬਣ ਸਕਦੀ ਸੀ। ਉਨ੍ਹੀਂ ਦਿਨੀਂ ਅਕਾਲੀ ਦਲ ਦੇ ਇੱਕ ਵਿਧਾਇਕ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਇੱਕ ਚਿੱਠੀ ਸਰਕਾਰੀ ਤੌਰ ਤਰੀਕੇ ਤੋਂ ਭੇਜੀ ਸੀ, ਜਿਸ ਵਿੱਚ ਇਸ ਮੁੱਦੇ ਬਾਰੇ ਸਾਰਾ ਕੁਝ ਲਿਖਿਆ ਪਿਆ ਸੀ। ਉਹ ਚਿੱਠੀ ਇਸ ਵੇਲੇ ਵੀ ਅਦਾਲਤੀ ਫਾਈਲਾਂ ਵਿੱਚ ਪਈ ਹੈ। ਕਿਹਾ ਜਾਂਦਾ ਸੀ ਕਿ ਇਹ ਚਿੱਠੀ ਲਿਖਣ ਵਾਲੇ ਨੇ ਲਿਖੀ ਨਹੀਂ, ਉਸ ਕੋਲੋਂ ਕਿਸੇ ਖਾਸ ਸੋਚ ਨਾਲ ਲਿਖਵਾਈ ਗਈ ਹੈ।
ਪੰਜਾਬ ਦੀ ਰਾਜਨੀਤੀ ਅਤੇ ਇਸ ਦੇ ਖੂੰਜਿਆਂ ਵਿਚਲੀ ਸਰਗਰਮੀ ਦੀ ਹਾਥ ਰੱਖਣ ਵਾਲੇ ਬਹੁਤ ਸਾਰੇ ਲੋਕ ਇਹ ਗੱਲ ਜਾਣਦੇ ਹਨ ਕਿ ਅਕਾਲੀ ਦਲ ਦੇ ਕਿਸੇ ਖਾਸ ਆਗੂ ਵੱਲੋਂ ਉਸ ਵੇਲੇ ਏਦਾਂ ਦੀ ਚਿੱਠੀ ਕਿਸੇ ਅਕਾਲੀ ਵਿਧਾਇਕ ਤੋਂ ਲਿਖਵਾਏ ਜਾਣ ਪਿੱਛੇ ਕਾਰਨਕਿਹੜੇ ਸਨ! ਉਸ ਵੇਲੇ ਇਹ ਚਿੱਠੀ ਲਿਖਵਾਉਣ ਦਾ ਮੰਤਵ ਮਜੀਠੀਏ ਵਿਰੁੱਧ ਕਾਰਵਾਈ ਕਰਨ ਨਾਲੋਂ ਵੱਧ ਇਹ ਗੱਲ ਭਵਿੱਖ ਦੀ ਵਰਤੋਂ ਲਈ ਰਿਕਾਰਡ ਉੱਤੇ ਰੱਖਣਾ ਸੀ।ਅੱਜਕੱਲ੍ਹ ਜਿਹੜੇ ਕੇਸ ਵਿੱਚ ਬਿਕਰਮ ਸਿੰਘ ਮਜੀਠੀਏ ਦੀ ਗ੍ਰਿਫਤਾਰੀ ਹੋਈ ਹੈ, ਉਸ ਦਾ ਮੂਲ ਆਧਾਰ ਇੱਕ ਸੌ ਗਿਆਰਾਂ ਦਿਨਾਂ ਦੀ ਕਾਂਗਰਸੀ ਸਰਕਾਰ ਦੌਰਾਨ ਦਰਜ ਕੀਤੇ ਕੇਸ ਗਏ ਕੇਸ ਵਿੱਚ ਲੁਕਿਆ ਹੈ। ਪਤਾ ਨਹੀਂ ਅੱਗੋਂ ਇਹ ਕਹਾਣੀ ਕਿੱਥੋਂ ਤੱਕ ਜਾਵੇਗੀ!

ਦੂਸਰਾ ਮੁੱਦਾ ਭਾਰਤ ਦੀ ਕਮਾਂਡ ਕਰ ਰਹੀ ਸਿਆਸੀ ਧਿਰ ਤੇ ਇਸ ਪਿੱਛੇ ਅਸਲੀ ਜਥੇਬੰਦਕ ਤਾਕਤ ਆਰ ਐੱਸ ਐੱਸ ਵੱਲੋਂ ਭਾਰਤ ਦਾ ਮੁਹਾਣ ਇੱਕ ਵੱਖਰੀ ਦਿਸ਼ਾ ਵੱਲ ਮੋੜਨ ਦਾ ਹੈ। ਇਸ ਮਕਸਦ ਲਈ ਉਹ ਹਰ ਕਿਸੇ ਸੰਵਿਧਾਨਕ ਅਦਾਰੇ ਉੱਤੇ ਆਪਣਾ ਛੱਪਾ ਮਜ਼ਬੂਤ ਕਰਨ ਲਈ ਹਰ ਹੱਦ ਟੱਪ ਰਹੇ ਦਿੱਸਦੇ ਹਨ। ਬੀਤੇ ਦਿਨੀਂ ਜਦੋਂ ਨਿਆਂ ਪਾਲਿਕਾ ਦੇ ਕੁਝ ਫੈਸਲੇ ਇਨ੍ਹਾਂ ਨੂੰ ਚੁਭਣ ਲੱਗੇ ਸਨ ਤਾਂ ਉਸ ਵਕਤ ਦੇ ਮੁੱਖ ਜੱਜ ਵਿਰੁੱਧ ਦੋਸ਼ ਲਾਏ ਗਏ ਅਤੇ ਜਾਂਚ ਕਰਨ ਦੇ ਨਾਂਅ ਉੱਤੇ ਫਿਰ ਉਸ ਨੂੰ ਏਨਾ ਪਰੇਸ਼ਾਨ ਕੀਤਾ ਗਿਆ ਕਿ ਉਸ ਦੇ ਫੈਸਲਿਆਂ ਦੀ ਸਾਰੀ ਤਾਨ ਬਦਲ ਗਈ। ਇਸ ਪਿੱਛੋਂ ਉਸ ਨਾਲ ਅੰਦਰਖਾਤੇ ਕੀ ਗੱਲ ਹੋਈ, ਪਤਾ ਨਹੀਂ, ਪਰ ਜਦੋਂ ਉਹ ਜੱਜ ਸੇਵਾ-ਮੁਕਤ ਹੋਇਆ ਤਾਂ ਪਾਰਲੀਮੈਂਟ ਦੇ ਉਤਲੇ ਹਾਊਸ ਰਾਜ ਸਭਾ ਦੀ ਮੈਂਬਰੀ ਜਿਵੇਂ ਉਸ ਨੂੰ ਝਟਾਪਟ ਦਿੱਤੀ ਗਈ, ਉਸ ਤੋਂ ਸਾਫ ਹੋ ਗਿਆ ਕਿ ਆਖਰੀ ਦਿਨਾਂ ਵਿੱਚ ਉਸ ਵੱਲੋਂ ਫੈਸਲਿਆਂ ਦੀ ਤਾਨ ਬਦਲਣ ਪਿੱਛੇ ਰਾਜ਼ ਕੀ ਸੀ! ਉਸ ਪਿੱਛੋਂ ਜਿਸਮੁੱਖ ਜੱਜ ਨੂੰ ਦੇਸ਼ ਦੀ ਨਿਆਂ ਪਾਲਿਕਾ ਦੀ ਅਗਵਾਈ ਦਾ ਮੌਕਾ ਮਿਲਿਆ, ਉਸ ਦੀ ਇਮਾਨਦਾਰੀ ਤੇ ਕਾਨੂੰਨ ਵੱਲ ਵਚਨਬੱਧਤਾ ਦੇ ਚਰਚੇ ਚੱਲਦੇ ਸਨ, ਪਰ ਆਖਰੀ ਦਿਨਾਂ ਵਿੱਚ ਅਚਾਨਕ ਉਸ ਦੇ ਰੰਗ ਬਦਲ ਗਏ ਅਤੇ ਫਿਰ ਇੱਕ ਦਿਨ ਉਸ ਦੇ ਘਰ ਹੁੰਦੀ ਆਰਤੀ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਾ ਪਹੁੰਚੇ ਸਨ। ਉਸ ਦਿਨ ਓਥੇ ਹੋਈ ਆਰਤੀ ਨੂੰ ਨਿੱਜੀ ਜਾਂ ਘਰੇਲੂ ਰੱਖਣ ਦੀ ਥਾਂਮੀਡੀਏ ਵਿੱਚ ਜਿੰਦਾਂ ਬਾਕਾਇਦਾ ਜਾਰੀ ਕੀਤਾ ਗਿਆ, ਉਸ ਨੇ ਦੱਸ ਦਿੱਤਾ ਸੀ ਕਿ ਅੰਦਰ ਕੀ ਚੱਲਦਾ ਹੈ! ਰਹੀ ਕਸਰ ਕੱਢ ਦੇਣ ਲਈ ਨਿਆਂ ਪਾਲਿਕਾ ਦੇ ਖਿਲਾਫ ਪਹਿਲਾਂ ਇੱਕ ਰਾਜ ਦੇ ਗਵਰਨਰ ਵੱਲੋਂ, ਫਿਰ ਭਾਰਤ ਦੇ ਉੱਪ ਰਾਸ਼ਟਰਪਤੀ ਵੱਲੋਂ ਅਤੇ ਅੰਤ ਵਿੱਚ ਭਾਜਪਾ ਦੇ ਇੱਕ ਬੇਹੂਦਾ ਬੋਲਣ ਵਾਲੇ ਪਾਰਲੀਮੈਂਟ ਮੈਂਬਰ ਵੱਲੋਂ ਜਿਹੜੀ ਭੱਦੀ ਟਿਪਣੀ ਦੀ ਖਬਰ ਆਈ, ਉਸ ਤੋਂ ਕੋਈ ਓਹਲਾ ਨਹੀਂ ਸੀ ਰਹਿ ਗਿਆ ਕਿ ਦੇਸ਼ ਕਿੱਧਰ ਨੂੰ ਲਿਜਾਇਆ ਜਾ ਸਕਦਾ ਹੈ! ਏਨੇ ਉੱਤੇ ਗੱਲ ਮੁੱਕ ਨਹੀਂ ਗਈ, ਇਸ ਝੁਕਾਅ ਦੇ ਮੋਹਰੀਆਂ ਨੇ ਦੇਸ਼ ਦੇ ਸੰਵਿਧਾਨ ਵਿੱਚੋਂ ਸਮਾਜਵਾਦੀ ਅਤੇ ਧਰਮ ਨਿਰਪੱਖਤਾ ਦੇ ਸ਼ਬਦ ਕੱਟ ਦੇਣ ਦੀ ਮੁਹਿੰਮਆਰੰਭ ਕਰ ਦਿੱਤੀ ਹੈ। ਸਮਾਜਵਾਦੀ ਸ਼ਬਦ ਵਿਚਾਰਧਾਰਾ ਦੇ ਤੌਰ ਉੱਤੇ ਕੱਟਣਾ ਕਈ ਲੋਕਾਂ ਨੂੰ ਸ਼ਾਇਦ ਨਾ ਚੁਭੇ, ਪਰ ਧਰਮ ਨਿਰਪੱਖਤਾ ਸ਼ਬਦ ਕੱਢਣ ਦੀ ਮੰਗ ਅਜੋਕੀ ਹਾਕਮ ਧਿਰ ਦੇ ਇਰਾਦੇ ਸਪੱਸ਼ਟ ਕਰ ਦੇਂਦੀ ਹੈ।

ਤੀਸਰਾ ਅਤੇ ਆਖਰੀ ਮੁੱਦਾ ਟਰੰਪਸ਼ਾਹੀ ਡਿਪਲੋਮੇਸੀ ਦੇ ਉਸ ਦੌਰ ਦਾ ਹੈ, ਜਿਸ ਦਾ ਅਸਰ ਇਸ ਸੰਸਾਰ ਮੂਹਰੇ ਇੱਕ ਹੋਰ ਸੰਸਾਰ ਜੰਗ ਦਾ ਭਾਂਬੜ ਮੱਚਣ ਦੇ ਸ਼ੱਕ ਵਜੋਂ ਦਿਖਾਈ ਦੇਸਕਦਾ ਹੈ। ਈਰਾਨ ਤੇ ਇਸਰਾਈਲ ਦੀ ਜੰਗ ਵਿੱਚ ਅਮਰੀਕਾ ਦਾ ਅਚਾਨਕ ਕੁੱਦਣਾ, ਈਰਾਨ ਦੇ ਐਟਮੀ ਅੱਡਿਆਂ ਉੱਤੇ ਜ਼ੋਰਦਾਰ ਹਮਲੇ ਕਰਨਾ ਤੇ ਫਿਰ ਨੇੜਲੇ ਦੇਸ਼ਾਂ ਵਿੱਚ ਅਮਰੀਕੀ ਅੱਡਿਆਂ ਉੱਤੇ ਈਰਾਨ ਦਾ ਹਮਲਾ ਹੋਣਾ ਅਣਕਿਆਸਿਆ ਘਟਨਾ ਕਰਮ ਸੀ। ਜਿੰਨੀ ਤੇਜ਼ੀ ਨਾਲ ਇਸ ਜੰਗ ਦੇ ਅਖਾੜੇ ਵਿੱਚ ਅਮਰੀਕਾ ਨੇ ਛਾਲ ਮਾਰੀ ਸੀ, ਓਦੋਂ ਵੱਧ ਕਾਹਲੀ ਨਾਲ ਅਮਰੀਕਾ ਨੇ ਇੱਕਤਰਫਾ ਤੌਰ ਉੱਤੇ ਜੰਗਬੰਦੀ ਦਾ ਐਲਾਨ ਕਰ ਕੇ ਇਹ ਦਾਅਵਾ ਕਰ ਦਿੱਤਾ ਕਿ ਈਰਾਨ ਨਾਲ ਬਥੇਰੀ ਹੋ ਗਈ ਹੈ। ਈਰਾਨ ਅੱਗੋਂ ਇਹ ਕਹੀ ਜਾਂਦਾ ਹੈ ਕਿ ਉਸ ਨਾਲ ਨਹੀਂ ਹੋਈ, ਅਮਰੀਕਾ ਨੂੰ ਸਬਕ ਦੇ ਦਿੱਤਾ ਹੈ ਕਿ ਉਸ ਦੇ ਫੌਜੀ ਅੱਡਿਆਂ ਨੂੰ ਨਿਸ਼ਾਨਾ ਬਣਾਉਣ ਵਾਲਾ ਵੀ ਕੋਈ ਹੈ ਅਤੇ ਇਸ ਹਮਲੇ ਪਿੱਛੋਂ ਉਸ ਦੇ ਅੱਡੇ ਵਾਲੇ ਏਸ਼ੀਅਨ ਦੇਸ਼ ਕਤਰ ਦੀ ਸਰਕਾਰ ਦੀ ਬਹੁੜੀ ਪਾਉਣ ਨੇ ਟਰੰਪ ਦੇ ਮੂੰਹੋਂ ਇੱਕਤਰਫਾ ਜੰਗਬੰਦੀ ਦੀ ਗੱਲ ਕੱਢਵਾਈ ਸੀ। ਇਸ ਦੇ ਬਾਵਜੂਦ ਡੋਨਾਲਡ ਟਰੰਪ ਨੇ ਆਪਣੀ ਮੁਹਾਰਨੀ ਬੰਦ ਕਦੇ ਨਹੀਂ ਕੀਤੀ, ਸਗੋਂ ਇਹ ਕਹਿਣ ਤੱਕ ਪਹੁੰਚ ਗਿਆ ਕਿ ਜਿਵੇਂ ਹੀਰੋਸ਼ੀਮਾ ਅਤੇ ਨਾਗਾਸਾਕੀ ਨੇ ਦੂਸਰੀ ਸੰਸਾਰ ਜੰਗ ਰੁਕਵਾਈ ਸੀ, ਓਦਾਂ ਹੀ ਇਸ ਵਾਰੀ ਉਸ ਵੱਲੋਂ ਚੁੱਕੇ ਕਦਮ ਨੇ ਈਰਾਨ-ਇਸਰਾਈਲ ਜੰਗ ਰੁਕਵਾ ਦਿੱਤੀ ਅਤੇ ਦੁਨੀਆ ਨੂੰ ਵੱਡੇ ਖਤਰੇ ਤੋਂ ਬਚਾ ਲਿਆ ਹੈ। ਬਾਕੀ ਦੁਨੀਆ ਉਸ ਦੀ ਇਸ ਗੱਲ ਨੂੰ ਹਜ਼ਮ ਕਰਨ ਲਈ ਤਿਆਰ ਨਹੀਂ।

ਓਦੋਂ ਵੱਧ ਹੈਰਾਨੀ ਦੀ ਗੱਲ ਇਹ ਹੈ ਕਿ ਅਗਲੇ ਦਿਨੀਂ ਜਦੋਂ ਅਮਰੀਕਾ ਦੀ ਪੱਕੀ ਧਿਰ ਮੰਨੇ ਜਾਂਦੇ ਨਾਟੋ ਗੱਠਜੋੜ ਦੀ ਮੀਟਿੰਗ ਹੋਈ ਤਾਂ ਉਸ ਦੌਰਾਨ ਡੋਨਾਲਡ ਟਰੰਪ ਨੇ ਯੂਰਪੀ ਦੇਸ਼ਾਂ ਨੂੰ ਇਹ ਗੱਲ ਕਹਿ ਦਿੱਤੀ ਕਿ ਉਹ ਨਾਟੋ ਦੇ ਖਰਚ ਦਾ ਬੋਝ ਚੁੱਕਣ ਲਈ ਆਪਣਾ ਹਿੱਸਾ ਹੋਰ ਵਧਾ ਦੇਣ। ਉਹ ਦੇਸ਼ ਇਸ ਗੱਲ ਤੋਂ ਭੜਕ ਪਏ। ਯੂਕਰੇਨ-ਰੂਸ ਜੰਗ ਬਾਰੇ ਉਨ੍ਹਾਂ ਅਤੇ ਟਰੰਪ ਦੇ ਮੱਤਭੇਦਪਹਿਲਾਂ ਉੱਭਰ ਚੁੱਕੇ ਹੋਣ ਕਾਰਨ ਇਹ ਗੱਲ ਚੱਲ ਪਈ ਕਿ ਜੇ ਤੀਸਰੀ ਜੰਗ ਦੇ ਹਾਲਾਤ ਬਣੇ ਤਾਂ ਯੂਰਪ ਵਾਲੇ ਦੇਸ਼ ਐਤਕੀਂ ਅਮਰੀਕਾ ਦੀ ਅਗਵਾਈ ਮੰਨਣ ਦੀ ਥਾਂ ਵਿਰੋਧੀ ਧਿਰ ਵੀ ਬਣ ਸਕਦੇ ਹਨ। ਇਸ ਤੋਂ ਪਹਿਲਾਂ ਕਦੇ ਏਦਾਂ ਦੇ ਹਾਲਾਤ ਨਹੀਂ ਸਨ ਬਣਦੇ ਵੇਖੇ ਕਿ ਨਾਟੋ ਦੇ ਮੈਂਬਰ ਦੇਸ਼ ਕਿਸੇ ਗੱਲ ਵਿੱਚ ਅਮਰੀਕੀ ਸਰਕਾਰ ਦੇ ਉਲਟ ਜਾਣ ਦਾ ਕੋਈ ਸੰਕੇਤ ਵੀ ਦੇ ਸਕਦੇ ਹੋਣ। ਬਹੁਤੇ ਲੋਕਾਂ ਨੂੰ ਯਾਦ ਨਹੀਂ ਕਿ ਦੂਸਰੀ ਜੰਗ ਤੋਂ ਪਹਿਲਾਂ ਦੁਨੀਆ ਦੀ ਅਗਵਾਈ ਅਮਰੀਕਾ ਕੋਲ ਨਹੀਂ, ਯੂਰਪ ਕੋਲ ਅਤੇ ਖਾਸ ਤੌਰ ਉੱਤੇ ਬ੍ਰਿਟੇਨ ਦੇ ਕੋਲ ਸੀ। ਸੰਸਾਰ ਜੰਗ ਵਿੱਚ ਅਮਰੀਕਾ ਦੂਰ ਹੋਣ ਕਾਰਨ ਬਹੁਤੇ ਨੁਕਸਾਨ ਤੋਂ ਬਚਿਆ ਰਿਹਾ ਤੇ ਬ੍ਰਿਟੇਨ ਸਮੇਤ ਸਾਰੇ ਯੂਰਪੀ ਦੇਸ਼ ਜੰਗ ਦੀ ਮਾਰ ਨਾਲ ਆਰਥਿਕ ਪੱਖੋਂ ਬਹੁਤੇ ਕਮਜ਼ੋਰ ਹੋ ਗਏ ਤਾਂ ਅਮਰੀਕਾ ਦੇ ਹੱਥ ਅਗਵਾਈ ਆਈ ਸੀ। ਤਾਜ਼ਾ ਹਾਲਾਤ ਬਹੁਤ ਦੇਰ ਬਾਅਦ ਏਦਾਂ ਦੇ ਸੰਕੇਤ ਦੇਂਦੇ ਮਹਿਸੂਸ ਕੀਤੇ ਜਾਣ ਲੱਗੇ ਹਨ ਕਿ ਸੰਸਾਰ ਦਾ ਨਕਸ਼ਾ ਬਦਲਣ ਦੇ ਡੋਨ-ਾਲਡ ਟਰੰਪ ਦੇ ਯਤਨ, ਜਿੰਦਾਂ ਉਹ ਕੈਨੇਡਾ ਨੂੰ ਆਪਣਾ ਇਕਵੰਜਵਾਂ ਰਾਜ ਬਣਾਉਣ ਦੇ ਦਬਕੇ ਮਾਰੀ ਜਾਂਦਾ ਹੈ, ਦੇ ਕਾਰਨ ਅਮਰੀਕਾ ਲਈ ਇੱਕਦਮ ਉਲਟ ਸਥਿਤੀ ਪੇਸ਼ ਕਰਨ ਵਾਲੀ ਸਤਿਥੀ ਵੀ ਬਣ ਸਕਦੀ ਹੈ। ਜੇ ਇਸ ਤਰ੍ਹਾਂ ਹੋ ਗਿਆ ਤਾਂ ਦੁਨੀਆ ਭਰ ਦੇ ਦੇਸ਼ਾਂ ਅਤੇ ਸੰਸਾਰ ਪੱਧਰ ਦੇ ਸੰਗਠਨਾਂ ਆਦਿ ਦੀ ਹੈਸੀਅਤ ਵੀ ਨਵੇਂ ਸਿਰਿਉਂ ਤੈਅ ਹੁੰਦੀ ਦਿਖਾਈ ਦੇ ਸਕਦੀ ਹੈ।

ਹਾਲਾਤ ਪੈਰੋ-ਪੈਰ ਵਿਗੜਦੇ ਜਾਂਦੇ ਹਨ, ਪੰਜਾਬ ਦੇ ਵੀ, ਭਾਰਤ ਅਤੇ ਸਾਰੀ ਦੁਨੀਆ ਦੇ ਵੀ, ਪਰ ਇਸ ਦੇ ਬਾਰੇ ਜਿਹੜੇ ਸੋਚਵਾਨ ਲੋਕ ਜਾਂ ਜਿਹੜੇ ਸੰਗਠਨ ਦੁਨੀਆ ਪੱਧਰ ਦੀ ਹੈਸੀਅਤ ਰੱਖਣ ਦੇ ਬਾਵਜੂਦ ਅਜੇ ਤੱਕ ਬੋਲਣ ਨੂੰ ਠੀਕ ਨਹੀਂ ਸਮਝਦੇ, ਉਨ੍ਹਾਂ ਕੋਲੋਂ ਬਹੁਤਾ ਚਿਰ ਚੁੱਪ ਨਹੀਂ ਰਿਹਾ ਜਾ ਸਕਣਾ। ਕੋਈ ਚਾਹੇ ਜਾਂ ਨਾ ਚਾਹੇ, ਏਦਾਂ ਦੀ ਹਾਲਤ ਆਸ ਤੋਂ ਵੱਧ ਛੇਤੀ ਵੀ ਆ ਸਕਦੀ ਹੈ ਕਿ ਅਮਨ-ਅਮਨ ਦੀਆਂ ਕੂਕਾਂ ਸੁਣਨ ਲੱਗ ਪੈਣ। ਇਹ ਕਦੇ ਵੀ ਹੋ ਸਕਦਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**

## ਲੜਕੀ ਦੀ ਲੋੜ

ਰਾਮਗੜ੍ਹੀਆ ਸਿੱਖ ਲੜਕਾ, 26 ਸਾਲ, 5ਫੁੱਟ, 9ਇੰਚ, ਵਰਕ ਪਰਮਿਟ, ਟਰੱਕ ਡਰਾਈਵਰ, ਨਾਨਡ੍ਰਿੰਕਿੰਗ ਲਈ, ਪੀ.ਆਰ./ਸਿਟੀਜ਼ਨ ਲੜਕੀ ਦੀ ਲੋੜ। ਸੰਪਰਕ: sukh25125@gmail.com ਜਾਂ ਵਟਸਐਪ +16723355016, ਕੋਈ ਜਾਤੀ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ।

ਲੁਬਾਣਾ ਸਿੱਖ, 1989 ਕਲੀਨਸ਼ੇਵ, ਗੋਰਾ ਰੰਗ, ਕੱਦ 5'8, ਕੈਨੇਡਾ ਵਿੱਚ ਸਥਾਈ ਨਿਵਾਸੀ (**Italian citizen**) ਲਈ ਖੂਬਸੂਰਤ ਅਤੇ ਪੜ੍ਹੀ ਲਿਖੀ ਲੜਕੀ ਦੀ ਲੋੜ। ਸੰਪਰਕ- 647-449-6746 ਜਾਂ 250-793-0527

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸੈਲ ਐਂਡ ਫਿਕਸ



ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6




## ਲੜਕੀ ਦੀ ਲੋੜ

**Well settled Canada Citizen Khatri Boy,** Punjabi Vegetarian, No Drinking/smoking family, Handsome, M.Com LLB 1987 6"ft. height. Legally devorced, very short marriage. Senior service, Loan officer in Major Canada Bank. We are close knit family, requires all-caste, punjabi educated girl in Canada OR INDIA. New Comers also Considered on PR. Work permit Parents. Please Call or whattsapp +1 437-446 8681

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013




## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com




## ਲੜਕੇ ਦੀ ਲੋੜ

suitable match for **Sikh Jatt Girl.** Born in Jan 1995, 5'5" tall. **working with the Government of Canada** and resides in Canada. She is a blend of modern values and traditional upbringing—cultured, respectful, and family-oriented. looking for a professionally qualified, well-settled Sikh Jatt boy from a respectable family, preferably residing in Canada. **Contact: +1 306 302 9009**

ਰਾਮਗੜ੍ਹੀਆ ਲੜਕੀਆਂ 1997/5'5" Nursing, 1996/5'5" MA, Beauty Parler Course, ਸੁੰਦਰ, ਮਿਹਨਤੀ ਲਈ Canada, USA, Australia PR/Citizen /ਲੜਕਿਆਂ ਦੀ ਲੋੜ। ਸੰਪਰਕ +919914607554 (whatsaap)

ਗਿੱਲ ਜੱਟ ਸਿੱਖ, 1992, ਇੱਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3'', ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664


CAN-SIKH CULTURAL CENTRE
41st KABADDI CUP
CAA CENTRE - SPORTS AND ENTERTAINMENT COMPLEX
FREE ENTRY
BIG KABADDI ACTION
12th JULY 2025
FOR MORE INFO : GORA DHANOA : (416) 230-4000 , SATTA CHAHAL : (647) 985-6066
CAA CENTRE - SPORTS AND ENTERTAINMENT COMPLEX, BRAMPTON ON
7575 KENNEDY RD S, BRAMPTON, ON L6W 4T2, CANADA


CAN-SIKH CULTURAL CENTRE
41st KABADDI CUP
CAA CENTRE - SPORTS AND ENTERTAINMENT COMPLEX
FREE ENTRY
BIG KABADDI ACTION
12th JULY 2025
FOR MORE INFO : GORA DHANOA : (416) 230-4000 , SATTA CHAHAL : (647) 985-6066
CAA CENTRE - SPORTS AND ENTERTAINMENT COMPLEX, BRAMPTON ON
7575 KENNEDY RD S, BRAMPTON, ON L6W 4T2, CANADA


PURBA APPRAISALS INC.
WE PROVIDE RESIDENTIAL REAL ESTATE APPRAISAL SERVICES FOR:
•Mortgage Financing
•Tax/Capital Gain
•Divorce/Separation of Assets
•Litigation Support
•Pre-listing Appraisals
Gurpreet Purba
Broker, CRA
416-669-1423
www.purbahomes.com

## Urgently Need New Listings in Brampton/Caledon

visit: www.teamjagaujla.com



Call **JAG AUJLA**
MCNE, REAL ESTATE BROKER
DIR: 416-371-7777
j.aujla@rogers.com www.jagaujla.com

Follow Us:

## CALL JAG FOR A QUICK & FREE HOME EVALUATION
www BramptonTopRealtor.com www BramptonTopAgent.com

## URGENTLY NEED NEW LISTINGS IN THIS AREA
## RECENTLY LISTED/SOLD IN YOUR NEIGHBOURHOOD BY JAG AUJLA

### NEW Listing in *BRAMPTON*
James Potter/Queen/Bonnie Brae

Approx. 3000-3500 sq.ft. ਡਿਟੈਚਡ ਹਾਊਸ, 5+2 ਬੈਡਰੂਮ+Office+ 5 ਵਾਸ਼ਰੂਮ, 2 ਬੈਡਰੂਮ ਫਿਨੀਸ਼ਡ Lookout ਬੇਸਮੇਂਟ,6 ਕਾਰ ਪਾਰਕਿੰਗ। No ਕਾਰਪੇਟ। Double Door Entry, ਕੀੱਚਨ with Granite ਕਾਊਂਟਰਟੋਪ। Oak staircase, ਮਾਸਟਰ ਬੈਡਰੂਮ with 5-ਪੀਸ ਇਨਸੂਇਟ, All Bdrms connected to Wash Rms.

### NEW Listing in *BRAMPTON*
Creditview Rd & Queen St

Approx. 2000 sq.ft. ਟਾਊਨ-ਹਾਊਸ, 4 ਬੈਡਰੂਮ, 3 ਵਾਸ਼ਰੂਮ, 2 ਕਾਰ ਪਾਰਕਿੰਗ। No ਕਾਰਪੇਟ। Eat-in ਕੀੱਚਨ with Granite ਕਾਊਂਟਰਟੋਪ with S/S Appliances. ਮਾਸਟਰ ਬੈਡਰੂਮ with Walk-in ਕਲੌਜਿਟ। Spacious Living Rm & Bed Rms, Laundary on 2nd ਫਲੋਰ। Close to Hwy 407 & 401.

### FOR RENT in *BRAMPTON*
Castlemore/The Gore Rd/Cottrelle

2000 sq.ft. ਸੈਮੀ-ਡਿਟੈਚਡ ਹਾਊਸ 4 ਬੈਡਰੂਮ + 3 ਵਾਸ਼ਰੂਮ, Hardwood Floor, ਮਾਸਟਰ ਬੈਡਰੂਮ with 4-ਪੀਸ ਇਨਸੂਇਟ,Walk-in ਕਲੌਜਿਟ। Oak staircase, No ਕਾਰਪੇਟ। Eat-in ਕੀੱਚਨ with S/S appliances. 3 ਕਾਰ ਪਾਰਕਿੰਗ। Close to Asian Food Plaza, buses, hwy's & more.

### FOR RENT in *BRAMPTON*
Castlemore/Humberwest/Airport

1600sq.ft. ਸੈਮੀ-ਡਿਟੈਚਡ ਹਾਊਸ, 3 ਬੈਡਰੂਮ + 3 ਵਾਸ਼ਰੂਮ, 3 ਕਾਰ ਪਾਰਕਿੰਗ, Hardwood Floor, Oak staircase, No ਕਾਰਪੇਟ। Eat-in ਕੀੱਚਨ with S/S appliances. Laundary on 2nd ਫਲੋਰ। Close to Buses, Plaza, School & Amenties.

### NEW Listing in *MISSISSAUGA*
Hurontario St/Eglington Ave/Nahani Way

700-799 sq.ft. ਅਪਾਰਟਮੈਂਟ, 2 ਬੈਡਰੂਮ +2 ਵਾਸ਼ਰੂਮ, 9ft. ceiling, Modern ਕੀੱਚਨ, New ਲੈਮੀਨੇਟ ਫਲੋ, 1 Underground ਪਾਰਕਿੰਗ, ਸਾਰੀਆਂ ਸਹੂਲਤਾਂ ਦੇ ਕੋਲ। Close to Hwy 401 & 403. Close to Square One Mall, Hospital, Plazas, Restaurants, Public Transits, Schools & more.

### NEW Listing in *MISSISSAUGA*
Ridgeway Dr./The Collegeway

1200-1399 sq.ft. ਟਾਊਨ-ਹਾਊਸ, 2 ਬੈਡਰੂਮ + 3 ਵਾਸ਼ਰੂਮ, 1 Underground ਪਾਰਕਿੰਗ + Huge Rooftop Patio, ਮਾਸਟਰ ਬੈਡਰੂਮ with 4-ਪੀਸ ਇਨਸੂਇਟ ਅਤੇ Walk-in ਕਲੌਜਿਟ, Eat-in ਕੀੱਚਨ with Quartz ਕਾਊਂਟਰਟੋਪ। Stainless Steel Appl. Close to Major Hwy 403 , 407,401 & QEW.

### FOR RENT in *TORONTO*
Dundas St./Church St.

665sq.ft. Brand-New ਅਪਾਰਟਮੈਂਟ, 2 ਬੈਡਰੂਮ + 2 ਵਾਸ਼ਰੂਮ (Spa inspired), Modern ਕੀੱਚਨ, *Unbeatable location* Steps to Yonge-Dundas Square, Eaton Centre, and Toronto Metropolitan University, Bus stop at door step.

## FREE

- Full MLS Services
- Consistently Marketing Your Property Until SOLD
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold
- Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price

Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT



The Mortgage Centre
We work for you, not the lenders.




Debt Consolidation | Renovations & Repairs | Avoiding High penalities

No Credit or becon score check.
No income verifiaction.
Interest payments only.
Pay off high interest debts.
75%-80% LTV.
Must have home equity....

if you are looking for independent mortgage or protection advice....
We're here to help.
* Competitive rates
* Flexible terms
* Fast approval process

For more information call:
Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

Rexdale Financial Services



